ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਭਾਰਤ ਦਾ ਇਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ

Rs. 10/-

All Disputes Subject to Patiala Jurisdiction

# ਖੇਤੀ ਦੁਨੀਆਂ

KHETI DUNIYAN, PATIALA

ਸਾਲ 43 • ਅੰਕ 47 • ਸ਼ਨੀਵਾਰ 22 ਨਵੰਬਰ, 2025

Excellence in Agri Info

KHETI DUNIYAN, PATIALA

Editor : Jagpreet Singh • Postage Regd. No. PB/PTA/0338/2025-2027 • RNI/PUNPUN00806 • Page : 8 • Mktg. Office : KD Complex, Gaushala Road, Patiala (Pb.) • E-mail : khetiduniyan1983@gmail.com • www.khetiduniyan.in

## ਪੰਜਾਬ ’ਚ ਝੋਨੇ ਦੀ ਖਰੀਦ ਅਨੁਮਾਨਾਂ ਤੋਂ 30 ਲੱਖ ਮੀਟ੍ਰਿਕ ਟਨ ਘਟੀ

ਪੰਜਾਬ ਵਿੱਚ ਆਏ ਹੜ੍ਹਾਂ ਅਤੇ ਖ਼ਰਾਬ ਮੌਸਮ ਕਾਰਨ ਕੁੱਝ ਖੇਤਰਾਂ ਵਿੱਚ ਫ਼ਸਲ ’ਤੇ ਬਿਮਾਰੀ ਦੇ ਪਏ ਪ੍ਰਭਾਵ ਕਾਰਨ ਰਾਜ ਵਿੱਚ ਝੋਨੇ ਦੀ ਫ਼ਸਲ ਦੀ ਖ਼ਰੀਦ ਮੁੱਢਲੇ ਅਨੁਮਾਨਾਂ ਤੋਂ ਕੋਈ 30 ਲੱਖ ਮੀਟ੍ਰਿਕ ਟਨ ਘੱਟ ਰਹੀ। ਸਰਕਾਰੀ ਸੂਤਰਾਂ ਦਾ ਮੰਨਣਾ ਹੈ ਕਿ ਦੂਜੇ ਸੂਬਿਆਂ ਤੋਂ ਆ ਕੇ ਵੀ ਪੰਜਾਬ ਵਿੱਚ ਝੋਨਾ ਅਗਰ ਨਾ ਵਿਕਦਾ ਤਾਂ ਇਹ ਅੰਕੜਾ ਹੋਰ ਵੀ ਕਾਫ਼ੀ ਘੱਟ ਸਕਦਾ ਸੀ। ਸਰਕਾਰੀ ਸੂਤਰਾਂ ਅਨੁਸਾਰ ਗੁਰਦਾਸਪੁਰ, ਤਰਨਤਾਰਨ ਤੇ ਫ਼ਾਜ਼ਿਲਕਾ ਦੇ ਖੇਤਰਾਂ ਵਿੱਚ ਹੜ੍ਹਾਂ ਕਾਰਨ ਫ਼ਸਲਾਂ ਦੇ ਹੋਏ ਵੱਡੇ ਨੁਕਸਾਨ ਦੇ ਬਾਵਜੂਦ ਜਿਵੇਂ ਫ਼ਸਲ ਦੀ ਖ਼ਰੀਦ ਮਗਰਲੇ ਸਾਲ ਦੇ ਨੇੜੇ ਤੇੜੇ ਰਹੀ ਹੈ, ਉਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਖੇਤਰਾਂ ਸਮੇਤ ਕਈ ਥਾਵਾਂ ਵਿੱਚ ਬਾਹਰੀ ਝੋਨੇ ਦੀ ਫ਼ਸਲ ਵੱਡੇ ਪੱਧਰ ’ਤੇ ਵਿਕਣ ਲਈ ਆਈ ਪ੍ਰੰਤੂ ਦੂਜੇ ਸੂਬਿਆਂ ਦੀ ਫ਼ਸਲ ਦੇ ਪੰਜਾਬ ਵਿੱਚ ਵਿਕਣ ਕਾਰਨ ਸੂਬੇ ਦੀ ਅਸਲ ਉਪਜ ਤੇ ਖ਼ਰੀਦ ਦੇ ਅੰਕੜੇ ਸਪੱਸ਼ਟ ਨਹੀਂ ਹੋ ਸਕੇ। ਮੌਜੂਦਾ ਅੰਕੜਿਆਂ ਅਨੁਸਾਰ ਵੀ ਹੜ੍ਹਾਂ ਤੇ ਝਾੜ ਘਟਣ ਕਾਰਨ ਰਾਜ ਦੀ ਕਿਸਾਨੀ ਦਾ ਕੋਈ 800 ਕਰੋੜ ਦਾ ਨੁਕਸਾਨ ਤਾਂ ਹੋਇਆ ਹੀ ਹੈ।

ਮਗਰਲੇ ਕੁੱਝ ਦਿਨਾਂ ਤੋਂ ਜਿਵੇਂ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਨਾ ਬਰਾਬਰ ਹੀ ਰਹਿ ਗਈ ਸੀ, ਇਸ ਲਈ ਰਾਜ ਸਰਕਾਰ ਵੱਲੋਂ ਅੱਜ ਤੋਂ ਰਾਜ ਦੀਆਂ ਮੰਡੀਆਂ



ਵਿੱਚ ਸਰਕਾਰੀ ਖ਼ਰੀਦ ਤਕਰੀਬਨ ਬੰਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਰਾਜ ਦੀਆਂ ਮੰਡੀਆਂ ਵਿੱਚ ਕੁੱਲ 156.80 ਲੱਖ ਮੀਟ੍ਰਿਕ ਟਨ ਝੋਨਾ ਆਇਆ ਹੈ ਜਦੋਂ ਕਿ ਮੁੱਢਲੇ ਅਨੁਮਾਨ 190 ਲੱਖ ਮੀਟ੍ਰਿਕ ਟਨ ਦਾ ਸੀ। ਅਗਲੇ ਸਾਲਾਂ ਦੌਰਾਨ ਰਾਜ ਵਿੱਚ 188 ਲੱਖ ਮੀਟ੍ਰਿਕ ਟਨ ਦਾ ਉਤਪਾਦਨ ਹੁੰਦਾ ਰਿਹਾ ਹੈ। ਮੰਡੀਆਂ ਵਿੱਚੋਂ ਰਾਜ ਸਰਕਾਰ ਵੱਲੋਂ ਕੋਈ 156 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਲਈ ਕੁੱਲ 1822 ਮੰਡੀਆਂ ਅਤੇ 715 ਆਰਜ਼ੀ ਯਾਰਡ ਨੋਟੀਫਾਈ ਕੀਤੇ ਗਏ ਹਨ। ਝੋਨੇ ਦੀ ਆਮਦ ਨਾਂਹ ਬਰਾਬਰ ਰਹਿ ਜਾਣ ਕਾਰਨ ਕੁੱਲ 2537 ਮੰਡੀਆਂ ਤੇ ਯਾਰਡਾਂ ਵਿੱਚੋਂ ਤਕਰੀਬਨ 2500 ਨੂੰ ਮਗਰਲੇ ਦਿਨਾਂ ਦੌਰਾਨ ਬੰਦ ਕਰ ਦਿੱਤਾ ਗਿਆ ਸੀ ਜਦੋਂ ਕਿ ਅੱਜ ਤੋਂ ਸਾਰੀਆਂ 2537 ਮੰਡੀਆਂ ਦੇ ਯਾਰਡਾਂ ’ਤੇ ਹੀ ਖ਼ਰੀਦ ਬੰਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਰਾਜ ਵਿੱਚੋਂ ਝੋਨੇ ਦੀ ਖ਼ਰੀਦ 15 ਸਤੰਬਰ ਨੂੰ ਸ਼ੁਰੂ ਹੋ ਗਈ ਸੀ। ਆਮ ਤੌਰ ’ਤੇ ਝੋਨੇ ਦੀ ਖ਼ਰੀਦ 31 ਅਕਤੂਬਰ ਨੂੰ ਬੰਦ ਹੋ ਜਾਂਦੀ ਹੈ ਲੇਕਿਨ ਹੜ੍ਹਾਂ ਤੇ ਝੋਨੇ ਦੀ ਕਟਾਈ ਕੁੱਝ ਖੇਤਰਾਂ ਵਿੱਚ ਦੇਰੀ ਨਾਲ ਹੋਣ ਕਾਰਨ ਖ਼ਰੀਦ ਦਾ ਸਮਾਂ 20 ਨਵੰਬਰ ਤੱਕ ਵੱਧ ਗਿਆ ਸੀ। ਸਰਕਾਰੀ ਅੰਕੜਿਆਂ ਅਨੁਸਾਰ ਸੂਬੇ ਵਿੱਚ ਇੱਕ ਵਾਰ ਝੋਨੇ ਦਾ ਕੁੱਲ ਝਾੜ ਮਗਰਲੇ ਦਸ ਸਾਲਾਂ ਦੌਰਾਨ ਦੇ ਅੰਕੜਿਆਂ ਮੁਕਾਬਲੇ ਸਭ ਤੋਂ ਘੱਟ ਰਿਹਾ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਸੂਬੇ ਵਿੱਚ ਝੋਨੇ ਦਾ ਉਤਪਾਦਨ ਘੱਟਣ ਕਾਰਨ ਜਿੱਥੇ ਕਿਸਾਨੀ ਦਾ ਵੱਡਾ ਵਿੱਤੀ ਨੁਕਸਾਨ ਹੋਇਆ, ਉੱਥੇ ਇਸ ਦਾ ਅਸਰ ਦੂਜੇ ਪਾਸੇ ਕਿੱਤਿਆਂ ’ਤੇ ਵੀ ਪਵੇਗਾ ਕਿਉਕਿ ਕਿਸਾਨ ਦੀ ਆਮਦਨ ਮਾਰਕੀਟ ਵਿੱਚ ਹੀ ਜਾਂਦੀ ਹੈ ਜਿਸ ਨਾਲ ਦੂਜੇ ਕਈ ਕਿੱਤਿਆਂ ਨੂੰ ਵੀ ਉਤਸ਼ਾਹ ਮਿਲਦਾ ਹੈ। ਕਿਸਾਨੀ ਦੇ ਹਰ ਵੱਡੇ ਨੁਕਸਾਨ ਕਾਰਨ ਜਿੱਥੇ ਕਿਸਾਨੀ ਦੇ ਕਰਜ਼ੇ ਵੀ ਕਈ ਖੇਤਰਾਂ ਵਿੱਚ ਨਹੀਂ ਮੁੜਨਗੇ ਉੱਥੇ ਰਾਜ ਸਰਕਾਰ ਨੂੰ ਵੀ ਝੋਨੇ ਦੀ ਖ਼ਰੀਦ ’ਤੇ ਮਿਲਣ ਵਾਲੇ ਟੈਕਸਾਂ ਅਤੇ ਦਿਹਾਤੀ ਵਿਕਾਸ ਫੰਡ ਵਿੱਚ ਵੀ ਕਮੀ ਆਵੇਗੀ।

## 2 ਲੱਖ ਟਨ ਤੋਂ ਵੱਧ ਸਾਲਾਨਾ ਉਤਪਾਦਨ ਨਾਲ ਤੇਜ਼ੀ ਨਾਲ ਅੱਗੇ ਵਧ ਰਿਹਾ ਪੰਜਾਬ ਦਾ ਮੱਛੀ ਪਾਲਣ ਖੇਤਰ

### ਪੰਜਾਬ ਸਰਕਾਰ ਮੱਛੀ ਪਾਲਣ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਲਗਾਤਾਰ ਸਰਗਰਮ - ਗੁਰਮੀਤ ਸਿੰਘ ਖੁੱਡੀਆਂ

ਹਰ ਸਾਲ 21 ਨਵੰਬਰ ਨੂੰ ਵਿਸ਼ਵ ਪੱਧਰ ’ਤੇ ਮਨਾਏ ਜਾਣ ਵਾਲੇ ਵਿਸ਼ਵ ਮੱਛੀ ਪਾਲਣ ਦਿਵਸ ਮੌਕੇ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਮੱਛੀ ਪਾਲਣ ਵਿਕਾਸ ਵਿੱਚ ਸੂਬੇ ਦੀ ਸ਼ਾਨਦਾਰ ਪ੍ਰਗਤੀ ਅਤੇ ਇਸ ਨੂੰ ਵਧੇਰੇ ਟਿਕਾਊ ਤੇ ਲਾਹੇਵੰਦ ਧੰਦਾ ਬਣਾਉਣ ਬਾਰੇ ਪੰਜਾਬ ਸਰਕਾਰ ਵੱਲੋਂ ਚੁੱਕੇ ਜਾ ਰਹੇ ਸਰਗਰਮ ਕਦਮਾਂ ਬਾਰੇ ਜਾਣਕਾਰੀ ਦਿੱਤੀ।

ਇਸ ਖੇਤਰ ਵਿੱਚ ਸੂਬੇ ਦੀ ਪ੍ਰਗਤੀ ਦਾ ਵੇਰਵਾ ਦਿੰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਦੇ ਮੱਛੀ ਪਾਲਣ ਖੇਤਰ ਵਿੱਚ ਸ਼ਾਨਦਾਰ ਵਿਕਾਸ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਮੱਛੀ ਪਾਲਣ ਅਧੀਨ ਰਕਬਾ 43,685 ਏਕੜ ਵਿੱਚ ਫੈਲਿਆ ਹੋਇਆ ਹੈ, ਜਿਸ ਤੋਂ ਸਲਾਨਾ ਲਗਭਗ ਦੋ ਲੱਖ ਮੀਟ੍ਰਿਕ ਟਨ ਤੋਂ ਵੱਧ ਮੱਛੀ ਦਾ ਉਤਪਾਦਨ ਹੋ ਰਿਹਾ ਹੈ। ਇਸਦੇ ਨਾਲ ਹੀ ਝੀਂਗਾ ਪਾਲਣ ਵਿੱਚ ਵੀ ਸੂਬੇ ਦੀ ਨਿਵੇਕਲੀ ਪਹੁੰਚ ਦੇ ਸ਼ਾਨਦਾਰ ਨਤੀਜੇ ਸਾਹਮਣੇ ਹਨ। ਉਨ੍ਹਾਂ ਦੱਸਿਆ ਕਿ 1,034 ਏਕੜ ਸੇਮ ਪ੍ਰਭਾਵਿਤ ਜ਼ਮੀਨ ਦੀ ਵਰਤੋਂ ਲਗਭਗ 2,759 ਮੀਟ੍ਰਿਕ ਟਨ ਝੀਂਗਾ ਪੈਦਾ ਕਰਨ ਲਈ ਕੀਤੀ ਜਾ ਰਹੀ ਹੈ, ਜੋ ਟਿਕਾਊ ਜਲ ਖੇਤੀ



ਗਤੀਵਿਧੀਆਂ ਵਿੱਚ ਸੂਬੇ ਦੀ ਸਮਰੱਥਾ ਨੂੰ ਦਰਸਾਉਂਦੀ ਹੈ ਅਤੇ ਰਾਜ ਦੀ ਆਰਥਿਕਤਾ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾ ਰਹੀ ਹੈ।

ਇਸ ਪ੍ਰਗਤੀ ਨੂੰ ਹੋਰ ਤੇਜ਼ ਕਰਨ ਲਈ ਪੰਜਾਬ ਨੇ ਕਿਸਾਨਾਂ ਨੂੰ ਕਿਫਾਇਤੀ ਦਰਾਂ ’ਤੇ ਉੱਚ-ਗੁਣਵੱਤਾ ਵਾਲਾ ਮੱਛੀ ਬੀਜ ਪ੍ਰਦਾਨ ਕਰਨ ਵਾਸਤੇ 16 ਸਰਕਾਰੀ ਮੱਛੀ ਬੀਜ ਫਾਰਮ ਸਥਾਪਤ ਕੀਤੇ ਹਨ।

ਇਸੇ ਤਰ੍ਹਾਂ ਸੂਬਾ ਸਰਕਾਰ ਪੀ.ਐਮ.ਐਮ.ਐਸ.ਵਾਈ. ਯੋਜਨਾ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੀ ਹੈ, ਜਿਸ ਤਹਿਤ ਵੱਖ-ਵੱਖ ਪ੍ਰੋਜੈਕਟਾਂ ਲਈ 40 ਤੋਂ 60 ਫੀਸਦ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੀ.ਐਮ.ਐਮ.ਐਸ.ਵਾਈ. ਰਾਹੀਂ ਮੱਛੀ ਪਾਲਣ ਵਿਭਾਗ ਪਹਿਲਾਂ ਹੀ 683 ਲਾਭਪਾਤਰੀਆਂ ਨੂੰ 31.04 ਕਰੋੜ ਰੁਪਏ ਸਬਸਿਡੀ ਵਜੋਂ ਪ੍ਰਦਾਨ ਕਰ ਚੁੱਕਾ ਹੈ। ਇਹ ਵਿੱਤੀ ਸਹਾਇਤਾ ਮੱਛੀ ਅਤੇ ਝੀਂਗਾ ਪਾਲਣ ਲਈ ਨਵੇਂ ਤਲਾਅ, ਰੀਸਰਕੁਲੇਟਿੰਗ ਐਕੁਆਕਲਚਰ ਸਿਸਟਮ (ਆਰਏਐਸ), ਬਾਇਓਫਲੌਕ ਯੂਨਿਟ, ਫਿਸ਼ ਫੀਡ ਮਿੱਲਾਂ ਅਤੇ ਮੱਛੀ ਤੇ ਮੱਛੀ ਉਤਪਾਦਾਂ ਦੀ ਢੋਆ-ਢੁਆਈ ਲਈ ਵਾਹਨਾਂ ਸਮੇਤ ਕਈ ਤਰ੍ਹਾਂ ਦੀਆਂ ਪਹਿਲਕਦਮੀਆਂ ਨੂੰ ਕਵਰ ਕਰਦੀ ਹੈ।

ਵਿਸ਼ਵ ਮੱਛੀ ਪਾਲਣ ਦਿਵਸ ’ਤੇ ਮੱਛੀ ਤੇ ਝੀਂਗਾ ਪਾਲਕਾਂ ਅਤੇ ਹੋਰ ਭਾਈਵਾਲਾਂ ਨੂੰ ਵਧਾਈ ਦਿੰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਇਸ ਸਬੰਧੀ ਉਤਪਾਦਨ ਵਧਾਉਣ ਲਈ ਸਾਰੇ ਕਿਸਾਨਾਂ ਨੂੰ ਸਰਗਰਮੀ ਨਾਲ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਕਿੱਤੇ ਨੂੰ ਹੁਲਾਰਾ ਦੇਣ ਅਤੇ ਅੰਨਦਾਤਾ ਕਹੇ ਜਾਂਦੇ ਕਿਸਾਨਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਮੱਛੀ ਪਾਲਣ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਖੇਤਰ ਦੇ ਟਿਕਾਊ ਵਿਕਾਸ ਅਤੇ ਕਿਸਾਨਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਵਾਸਤੇ ਪੰਜਾਬ ਦੇ ਜਲ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਮੱਛੀ ਉਤਪਾਦਨ ਨੂੰ ਵਧਾਉਣ, ਅਣਉਪਜਾਊ/ਬੰਜਰ ਜ਼ਮੀਨਾਂ ਨੂੰ ਖੁਸ਼ਹਾਲ ਆਰਥਿਕ ਸੰਪਤੀਆਂ ਵਿੱਚ ਬਦਲਣ ’ਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰ ਰਿਹਾ ਹੈ। ਇਸ ਮੌਕੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਵੀ ਮੱਛੀ ਅਤੇ ਝੀਂਗਾ ਪਾਲਕਾਂ ਨੂੰ ਵਧਾਈ ਦਿੱਤੀ।



# ਮਨੁ ਹਾਲੀ ਕਿਰਸਾਣੀ ਕਰਣੀ



**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
ਮੋ. 98781-11445

ਕਿਰਤ, ਕਿਰਸ ਅਤੇ ਕਿਰਸਾਨ ਦਾ ਆਪਸ ਵਿੱਚ ਜਿਸਮ ਰੂਹ ਵਾਲਾ ਰਿਸ਼ਤਾ ਹੈ, ਜਿਨ੍ਹਾਂ ਦੀ ਬੁਨਿਆਦ ਖੇਤੀਬਾੜੀ ਹੈ। 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸੰਦੇਸ਼ ਕਰਤਾਰਪੁਰ ਤੋਂ ਬਾਬੇ ਨਾਨਕ ਦੇ ਚਲਦੇ ਹਲ ਨਾਲ ਉੱਠੀ ਮਿੱਠੀ-ਮਿੱਠੀ ਧੂੜ ਵਿੱਚੋਂ ਉਪਜਿਆ ਸੀ। ਖੇਤੀਬਾੜੀ ਦਾ ਧੰਦਾ ਕਿਸਾਨ ਦੇ ਸਿਰ 'ਤੇ ਚੱਲਦਾ ਹੈ, ਜੇ ਕਿਸਾਨ ਕੋਲ ਕਿਰਤ ਤੇ ਕਿਰਸ ਨਾ ਹੋਵੇ ਤਾਂ ਉਹ ਕਿਰਸਾਨ ਨਹੀਂ ਹੋ ਸਕਦਾ। ਕਿਰਸਾਨ ਦੇ ਪੱਲੇ ਕਿਰਤ ਹੋਵੇ ਤਾਂ ਘਰ ਪਰਿਵਾਰ ਖੁਸ਼ਹਾਲ ਤੇ ਤੰਦਰੁਸਤ ਰਹਿੰਦਾ ਹੈ। ਪਰ ਅੱਜ ਖੇਤੀ ਧੰਦੇ ਵਿੱਚੋਂ ਕਿਰਸ ਗਾਇਬ ਹੋ ਚੁੱਕੀ ਹੈ, ਇਸੇ ਲਈ ਕਿਸਾਨੀ ਦੇ ਸਿਰ 'ਤੇ ਖੁਦਕੁਸ਼ੀਆਂ ਦਾ ਪਹਾੜ ਅਤੇ ਸਰਕਾਰ ਦੀ ਮਾਰ ਪੈ ਰਹੀ ਹੈ। ਹੁਣ ਤਾਂ ਛੋਟੇ ਕਿਸਾਨ ਵੀ ਹੱਥੀਂ ਮਿਹਨਤ ਕਰਨ ਦੀ ਬਜਾਏ ਮਜ਼ਦੂਰਾਂ ਤੇ ਮਸ਼ੀਨਾਂ 'ਤੇ ਨਿਰਭਰ ਹੋ ਚੁੱਕੇ ਹਨ। ਖੇਤੀ ਦੇ ਧਰਮੀ ਕਿੱਤੇ ਉੱਪਰ 'ਪਰ ਹੱਥ ਵਣਜ, ਸੁਨੇਹੀ ਖੇਤੀ, ਕਦੇ ਨਾ ਹੁੰਦੇ ਬੱਤੀਓਂ ਤੇਤੀ' ਵਾਲੀ ਕਹਾਵਤ ਪੂਰੀ ਤਰ੍ਹਾਂ ਨਾਲ ਢੁੱਕਦੀ ਹੈ। ਛੋਟਾ ਕਿਸਾਨ ਵੀ ਵੱਡੇ ਕਿਸਾਨ ਦੀ ਰੀਸ ਕਰਦਿਆਂ ਅਖੌਤੀ ਉੱਚਪੁਣੇ ਦੀ ਮਾਨਸਿਕਤਾ ਵਿੱਚ ਫਸ ਕੇ ਕਿਰਸ ਤੇ ਕਿਰਤ ਤੋਂ ਸ਼ਰਮ ਕਰਨ ਲੱਗਾ ਹੈ।

ਬੀਤੇ ਜ਼ਮਾਨੇ ਵਿੱਚ ਤੜਕਸਾਰ ਉੱਠਣਾ ਤੋਂ ਲੈ ਕੇ ਰਾਤ ਨੂੰ ਸੌਣ ਸਮੇਂ ਤੱਕ ਕਿਰਤ ਸਭਿਆਚਾਰ ਤੇ ਕਿਰਸੀ ਸੁਭਾਅ ਕਿਰਸਾਨੀ ਦਾ ਆਮ ਹੁੰਦਾ ਸੀ। ਕਿਰਤ ਉਤਪਾਦਨ ਦਾ ਮੁੱਢਲਾ ਸਿੱਧਾਂਤ ਹੈ, ਕਿ ਜੇ ਕਿਰਤ ਨਾਲ ਕਿਰਸ ਜੁੜ ਜਾਵੇ ਤਾਂ ਮਾਨਸਿਕ ਤੇ ਸਰੀਰਿਕ ਤੌਰ ਤੋਂ ਮੁਕਤੀ ਮਿਲ ਜਾਂਦੀ ਹੈ। ਕਿਰਸਾਨ ਜੇ ਕਿਰਤ ਤੇ ਕਿਰਸੀ ਸੁਭਾਅ ਰੱਖੇਗਾ ਤਾਂ ਉਹ ਸਮਾਜਿਕ ਫ਼ੈਸਲੇ ਲੈਣ ਦੀ ਨੈਤਿਕ ਜ਼ਿੰਮੇਵਾਰੀ ਨੂੰ ਵੀ ਸਮਝੇਗਾ। ਬਾਬਾ ਬਲਵੰਤ ਨੇ ਕਿਹਾ ਸੀ- 'ਉੱਚ ਮਿਸਰੀ ਮਿਨਾਰਾਂ ਤੋਂ, ਹਰ ਤਾਜ ਮਹਲ ਦੇ ਅੰਦਰ, ਸੋਨੇ ਦੀਆਂ ਹਰਫਾਂ ਵਿੱਚ ਮਿਹਨਤ ਦੀ ਕਹਾਣੀ ਹੈ, ਇਹ ਕਿਰਤੀ ਦੀ ਕਹਾਣੀ ਪੱਥਰ ਯੁੱਗ ਤੋਂ ਕੰਪਿਊਟਰ ਯੁੱਗ ਤੱਕ ਦਾ ਪੈਂਡਾ ਤੈਅ ਕਰਨ ਵਿੱਚ ਸਹਾਈ ਹੋਈ ਹੈ।' ਪਰ ਜਦੋਂ ਤੋਂ ਕਿਰਤ ਤੇ ਕਿਰਸ ਕਿਰਸਾਨੀ ਵਿੱਚੋਂ ਵਿਛੜ ਗਈ ਹੈ, ਉਸ ਸਮੇਂ ਤੋਂ ਸਮਾਜਿਕ ਅਸੰਤੁਲਨ ਤੇ ਅਲਾਮਤਾਂ ਪੈਦਾ ਹੋਈਆਂ ਹਨ। ਜਨਸੰਖਿਆ ਵੱਧਣ ਨਾਲ ਪਰਿਵਾਰਾਂ ਵਿੱਚ ਜ਼ਮੀਨਾਂ ਵੰਡੀਆਂ ਗਈਆਂ ਅਤੇ ਇਸ ਦੇ ਨਾਲ ਹੀ ਬਦਕਿਸਮਤੀ ਨਾਲ ਮਿਹਨਤੀ ਸੁਭਾਅ ਵੀ ਖੁਸ ਕੇ ਵੰਡਿਆ ਗਿਆ। ਜਦਕਿ ਜ਼ਮੀਨਾਂ ਦੀ ਵੰਡ ਨਾਲ ਕਿਰਤ ਦਾ ਸੱਭਿਆਚਾਰ ਹੋਰ ਬਲਵਾਨ ਹੋਣਾ ਚਾਹੀਦਾ ਸੀ ਕਿ - ਦੱਬ ਕੇ ਵਾਹ, ਰੱਜ ਕੇ ਖਾਹ ਤੇ ਜਿੰਨੀ ਗੋਡੀ, ਉਨੀ ਡੋਡੀ, ਪਰ ਹੋਇਆ ਬਿਲਕੁੱਲ ਇਸ ਦੇ ਉਲਟ। ਹੁਣ ਤਾਂ ਅਜਿਹੀਆਂ ਕਹਾਵਤਾਂ ਵੀ ਕਿਰਸਾਨ ਨੂੰ ਚਿੜਾਉਂਦੀਆਂ ਹਨ, ਕਿਉਂਕਿ ਉਸ ਦਾ ਕਿਰਤ ਸੱਭਿਆਚਾਰ ਤਾਂ ਖੂੰਜੇ ਲੱਗ ਚੁੱਕਿਆ ਹੈ। ਅੱਜ ਕਿਰਤ ਨੂੰ ਪੂਜਾ ਨਹੀਂ ਸਮਝਿਆ ਜਾਂਦਾ। ਕਦੇ ਕਿਰਤ ਕਿਰਸ ਤੇ ਕਿਰਸਾਨ ਸਮਾਜਿਕ ਪੱਖ ਤੋਂ ਬੜਾ ਆਦਰ ਪਾਉਂਦੇ ਸਨ, ਪਰ ਅੱਜ ਇਹ ਸਭ ਕੁੱਝ ਬਹੁਤ ਘਸਮੈਲਾ ਹੋ ਚੁੱਕਾ ਹੈ।

ਉੱਤਮ ਖੇਤੀ, ਮੱਧਮ ਵਪਾਰ ਕਰੇ ਚਾਕਰੀ ਮੂਰਖ ਗਵਾਰ, ਕਿਸੇ ਸਮੇਂ ਇਹ ਸਿੱਧਾਂਤ ਪਵਿੱਤਰ ਮੰਨਿਆ ਜਾਂਦਾ ਸੀ ਪਰ ਅੱਜ ਦਾ ਵਰਤਾਰਾ ਇਸ ਸਿਧਾਂਤ ਦੇ ਬਿਲਕੁਲ ਉਲਟ ਹੋ ਗਿਆ ਹੈ। ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰਾਇ ॥ ਦਾ ਫ਼ਲਸਫ਼ਾ ਹੁਣ ਭਾਰੂ ਹੋ ਚੁੱਕਾ ਹੈ। ਕਿਸੇ ਸਮੇਂ ਸਿਰੜ ਤੇ ਹਠ ਦਾ ਹਾਵ-ਭਾਵ ਖੇਤੀ ਨੂੰ ਸੁਚਾਰੂ ਢੰਗ ਨਾਲ ਚਲਾਉਂਦਾ ਸੀ, ਪਰ ਹੁਣ ਦੂਜਿਆਂ 'ਤੇ ਨਿਰਭਰ ਹੋਣਾ ਸਾਡਾ ਸੁਭਾਅ ਬਣ ਚੁੱਕਾ ਹੈ। ਪਵਿੱਤਰ ਗੁਰਬਾਣੀ ਵਿੱਚ ਕਿਰਸਾਨੀ ਕਿੱਤੇ ਨੂੰ ਮਾਨਤਾ ਦਿੱਤੀ ਗਈ ਹੈ :-

**ਮਨੁ ਹਾਲੀ ਕਿਰਸਾਨੀ ਕਰਣੀ,**
**ਸਰਮੁ ਪਾਣੀ ਤਨੁ ਖੇਤੁ ॥**
**ਨਾਮ ਬੀਜੁ ਸੰਤੋਖੁ ਸੁਹਾਗਾ ਰਖੁ**
**ਗਰੀਬੀ ਵੇਸੁ ॥**

ਪਰ ਸਮੇਂ ਦੇ ਬਦਲਦੇ ਵੇਗ ਤੇ ਤਰੱਕੀ ਨੇ ਕਿਰਤ ਦੀ ਪਰਿਭਾਸ਼ਾ ਨੂੰ ਨਵਾਂ ਰੂਪ ਦਿੱਤਾ ਹੈ, ਇਸ ਦੀ ਵਜ੍ਹਾ ਵੱਡੇ ਖਰਚ ਹਨ ਪਰ ਇਨ੍ਹਾਂ ਪਰਚਿਆਂ ਨਾਲ ਕਿਰਸ ਹੋ ਹੀ ਨਹੀਂ ਸਕਦੀ। ਇਸ ਲਈ ਅੱਜ ਕਿਰਸਾਨੀ ਵਿੱਚੋਂ ਕਿਰਤ ਤੇ ਕਿਰਸ ਮਨਫੀ ਹੋਣ ਕਰਕੇ ਖੇਤੀਬਾੜੀ ਦੀ ਨਵੀਂ ਪਰਿਭਾਸ਼ਾ ਲੱਭੀ ਜਾ ਰਹੀ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਖੇਤੀ ਪਵਿੱਤਰ ਕਿੱਤਾ ਹੈ, ਜੋ ਸਦਾ ਕਾਇਮ ਰਹੇਗਾ, ਭਾਵੇਂ ਕਿਰਤ ਦਾ ਸਰੂਪ ਹੱਥੀਂ ਕਰਨ ਦੀ ਬਜਾਏ ਮਸ਼ੀਨੀ ਹੀ ਹੋ ਜਾਵੇ। ਇਸ ਲਈ ਅੱਜ ਦੀ ਕਿਰਤ, ਕਿਰਸ ਰਹਿਤ ਹੋ ਕੇ ਮਹਿੰਗੀ ਹੋ ਗਈ ਹੈ। ਇਹ ਵੀ ਸੱਚ ਹੈ ਕਿ ਕਿਰਤ, ਕਿਰਸ ਤੇ ਕਿਰਸਾਨ ਆਪਣੇ ਅਤੀਤ ਵਾਲੇ ਸੁਭਾਅ ਨੂੰ ਭੁੱਲ ਚੁੱਕੇ ਹਨ।



## ਇੰਦਰਜੀਤ ਨੂੰ ਖੁੰਬਾਂ ਵੇਚਣ ਲਈ ਬਾਜ਼ਾਰ ਜਾਣ ਦੀ ਲੋੜ ਨਹੀਂ ਪੈਂਦੀ। ਵਪਾਰੀ ਖੁਦ ਖੁੰਬਾਂ ਲੈ ਕੇ ਜਾਂਦੇ ਹਨ...



# ਖੁੰਬਾਂ ਦੀ ਪੈਦਾਵਾਰ ਵਿੱਚ ਮੋਹਰੀ ਇੰਦਰਜੀਤ ਵਰਮਾ

**ਬ੍ਰਿਸ ਭਾਨ ਬੁਜਰਕ,** ਮੋ. 98761-01698

ਸੰਗਰੂਰ ਦੇ ਖਨੌਰੀ ਸ਼ਹਿਰ ਨੇੜੇ ਇੰਦਰਜੀਤ ਵਰਮਾ ਵੱਲੋਂ ਖੁੰਬਾਂ ਦਾ ਫਾਰਮ ਚਲਾਇਆ ਜਾ ਰਿਹਾ ਹੈ ਜਿੱਥੇ ਉਸ ਨੇ ਸਵੈ-ਰੋਜ਼ਗਾਰ ਅਪਣਾ ਕੇ ਆਪਣੇ-ਆਪ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਹੈ ਉੱਥੇ ਹੀ 20 ਦੇ ਕਰੀਬ ਲੜਕੀਆਂ ਉਸ ਦੇ ਫਾਰਮ ਵਿੱਚ ਕੰਮ ਕਰ ਰਹੀਆਂ ਹਨ। ਉਹ 1200 ਕੁਇੰਟਲ ਤੂੜੀ ਤੋਂ ਖੁੰਬਾਂ ਪੈਦਾ ਕਰ ਰਿਹਾ ਹੈ ਤੇ ਪੰਜ ਤੋਂ ਸੱਤ ਕੁਇੰਟਲ ਖੁੰਬਾਂ ਪ੍ਰਤੀ ਦਿਨ ਤਿਆਰ ਹੋ ਜਾਂਦੀਆਂ ਹਨ ਤੇ ਖੁੰਬਾਂ ਤਿਆਰ ਕਰਨ ਵਾਲੀ ਕੰਪੋਸਟ ਬੁਲਾਇਰ ਰਾਹੀਂ ਤਿਆਰ ਹੋ ਕੇ ਆਉਂਦੀ ਹੈ ਜਿਸ ਕਰਕੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੇ ਕੀੜੇ-ਮਕੌੜੇ ਨਹੀਂ ਹੁੰਦੇ ਤੇ ਖੁੰਬਾਂ ਦੀ ਪੈਦਾਵਾਰ ਖੂਬ ਹੁੰਦੀ ਹੈ। ਉਸ ਨੂੰ ਖੁੰਬਾਂ ਵੇਚਣ ਲਈ ਬਾਜ਼ਾਰ ਵਿੱਚ ਜਾਣ ਦੀ ਜ਼ਰੂਰਤ ਨਹੀਂ ਪੈਂਦੀ ਸਗੋਂ ਵਪਾਰੀ ਉਸ ਦੇ ਫਾਰਮ ਤੋਂ ਆ ਕੇ ਹੀ ਖੁੰਬਾਂ ਲੈ ਜਾਂਦੇ ਹਨ। ਖੁੰਬਾਂ ਦੀ ਕਾਸ਼ਤ ਕਿਸਾਨਾਂ ਲਈ ਬਹੁਤ ਵਧੀਆ ਆਮਦਨ ਦਾ ਸਾਧਨ ਬਣ ਸਕਦੀ ਹੈ।

ਮੰਡੀ ਵਿੱਚ ਖੁੰਬ ਦੀ ਅਗੇਤੀ ਮੰਗ ਨੂੰ ਪੂਰਾ ਕਰਨ ਲਈ ਫਾਰਮ ਵਿੱਚ ਖੁੰਬਾਂ ਦੀ ਅਗੇਤੀ ਪੈਦਾਵਾਰ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਗੇਤੀ ਪੈਦਾਵਾਰ ਨਾਲ ਵੱਧ ਭਾਅ ਮਿਲਦਾ ਹੈ। ਖੁੰਬ ਵੀ ਹੋਰ ਉੱਲੀਆਂ ਦੀ ਤਰ੍ਹਾਂ ਇੱਕ ਉੱਲੀ ਹੈ। ਉੱਲੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਲਾਭਦਾਇਕ ਹੁੰਦੀਆਂ ਹਨ। ਖੁੰਬ ਸਫੈਦ ਰੰਗ ਦੀ ਗੋਲ ਜਿਹੇ ਆਕਾਰ ਦੀ ਟੋਪੀ ਵਰਗੀ ਹੁੰਦੀ ਹੈ। ਖੁੰਬ ਦਿਲ ਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਦਵਾਈ ਦਾ ਕੰਮ ਕਰਦੀ ਹੈ। ਭਾਵੇਂ ਕਈ ਖੁੱਲ੍ਹੀਆਂ ਪਈਆਂ ਥਾਵਾਂ 'ਤੇ ਵੀ ਖੁੰਬਾਂ ਉੱਗ ਜਾਂਦੀਆਂ ਹਨ ਪਰ ਇਹ ਜ਼ਹਿਰੀਲੀਆਂ ਹੋ ਸਕਦੀਆਂ ਹਨ। ਫਾਰਮਾਂ ਅੰਦਰ ਪੈਦਾ ਕੀਤੀਆਂ ਖੁੰਬਾਂ ਹੀ ਖਾਣਯੋਗ ਮੰਨੀਆਂ ਜਾ ਸਕਦੀਆਂ ਹਨ।

ਪੰਜਾਬ ਤੇ ਹਰਿਆਣਾ ਰਾਜ ਵਿੱਚ ਤਿੰਨ ਕਿਸਮ ਦੀਆਂ ਖੁੰਬਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਪਹਿਲੀ ਬਟਨ ਖੁੰਬ, ਦੂਸਰੀ ਢੀਂਗਰੀ ਅਤੇ ਤੀਸਰੀ ਪਰਾਲੀ ਵਾਲੀ ਖੁੰਬ। ਭਾਵੇਂ ਮੌਸਮ ਦੇ ਹਿਸਾਬ ਨਾਲ ਠੰਢੇ ਇਲਾਕਿਆਂ ਵਿੱਚ ਸਾਰਾ ਸਾਲ ਬਟਨ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਪਰ ਪੰਜਾਬ ਤੇ ਹਰਿਆਣਾ ਵਿੱਚ ਸਮੇਂ ਤੇ ਮੌਸਮ ਦੇ ਹਿਸਾਬ ਨਾਲ ਤਿੰਨ ਕਿਸਮਾਂ ਬੀਜੀਆਂ ਜਾ ਸਕਦੀਆਂ ਹਨ। ਖੁੰਬਾਂ ਦੀ ਬਿਜਾਈ ਦਾ ਸਮਾਂ ਸਾਰਾ ਸਾਲ ਹੀ ਚੱਲਦਾ ਰਹਿੰਦਾ ਹੈ। ਪਰ ਬਟਨ ਖੁੰਬ ਦੀ ਕਾਸ਼ਤ 15 ਸਤੰਬਰ ਤੋਂ 15 ਅਪ੍ਰੈਲ ਤੱਕ ਕੀਤੀ ਜਾ ਸਕਦੀ ਹੈ ਅਤੇ ਨਵੰਬਰ ਤੋਂ ਲੈ ਕੇ ਮਾਰਚ ਤੱਕ ਢੀਂਗਰੀ ਬੀਜੀ ਜਾ ਸਕਦੀ ਹੈ। ਬਟਨ ਖੁੰਬ ਦੀ ਪੈਦਾਵਾਰ ਲਈ 16 ਤੋਂ 25 ਡਿਗਰੀ ਤਾਪਮਾਨ ਦੀ ਜ਼ਰੂਰਤ ਪੈਂਦੀ ਹੈ, ਕਿਉਂਕਿ ਉੱਲੀ ਦੇ ਵੱਧਣ-ਫੁੱਲਣ ਲਈ ਤਾਪਮਾਨ 25 ਡਿਗਰੀ ਤੇ ਖੁੰਬਾਂ ਦਾ ਵੱਧ ਝਾੜ ਲੈਣ ਲਈ 16 ਤੋਂ 18 ਡਿਗਰੀ ਤਾਪਮਾਨ ਚਾਹੀਦਾ ਹੈ। ਬਟਨ ਖੁੰਬ ਦੀ ਬਿਜਾਈ ਕਰਨ ਲਈ ਕੰਪੋਸਟ ਦੀ ਲੋੜ ਪੈਂਦੀ ਹੈ। ਕੰਪੋਸਟ 35 ਤੋਂ 45 ਦਿਨਾਂ ਵਿੱਚ ਤਿਆਰ ਹੁੰਦੀ ਹੈ। ਗਲੀ ਸੜੀ ਤੂੜੀ ਨੂੰ ਕੰਪੋਸਟ ਕਿਹਾ ਜਾਂਦਾ ਹੈ। ਕੰਪੋਸਟ ਤਿਆਰ ਕਰਨ ਦੇ ਕਈ ਤੌਰ-ਤਰੀਕੇ ਹਨ। ਅੱਜ ਕੱਲ੍ਹ ਵੱਡੇ ਖੁੰਬ ਉਤਪਾਦਕਾਂ ਕੋਲੋਂ ਆਧੁਨਿਕ ਢੰਗ ਨਾਲ ਤਿਆਰ ਕੰਪੋਸਟ ਮਿਲ ਜਾਂਦੀ ਹੈ। ਜਿਸ ਨੂੰ ਬਾਜ਼ਾਰ ਵਿੱਚ ਫਲਾਂ ਵਾਲੀਆਂ ਖਾਲੀ ਪੇਟੀਆਂ ਅਤੇ ਵੱਡੇ ਆਕਾਰ ਦੇ ਲਿਫ਼ਾਫ਼ੇ ਮਿਲ ਜਾਂਦੇ ਹਨ ਜਾਂ ਫਿਰ ਬਾਂਸ ਗੱਡ ਕੇ ਸੈਲਫਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਵੱਡੇ ਪੱਧਰ 'ਤੇ ਖੁੰਬਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਖੁੰਬਾਂ ਦੀ ਬਿਜਾਈ ਕਰਨ ਤੋਂ ਪਹਿਲਾਂ ਤਿਆਰ ਕੀਤੀ ਕੰਪੋਸਟ ਨੂੰ ਖਿਲਾਰ ਕੇ ਉਸ ਨੂੰ ਠੰਡੀ ਕਰ ਲੈਣਾ ਚਾਹੀਦਾ ਹੈ। ਖੁੰਬਾਂ ਬੀਜਣ ਵਾਸਤੇ ਕੰਪੋਸਟ ਫਾਰਮ ਹਾਊਸ ਦੇ ਨੇੜੇ ਹੋਵੇ ਤਾਂ ਮਜ਼ਦੂਰਾਂ ਦਾ ਖ਼ਰਚਾ ਘੱਟ ਪੈਂਦਾ ਹੈ। ਖੁੰਬਾਂ ਦਾ ਬੀਜ ਪੰਜ ਤੋਂ ਛੇ ਬੋਤਲਾਂ ਪ੍ਰਤੀ ਕੁਇੰਟਲ ਸੁੱਕੀ ਤੂੜੀ ਦੇ ਹਿਸਾਬ ਨਾਲ ਪਾਇਆ ਜਾਂਦਾ ਹੈ। ਖੁੰਬ ਦਾ ਬੀਜ ਦੋ ਤਹਿਆਂ ਵਿੱਚ ਬੀਜਣ ਨਾਲ ਵੱਧ ਝਾੜ ਮਿਲਦਾ ਹੈ।

ਪਹਿਲਾਂ ਬੀਜ ਤਿੰਨ ਇੰਚ ਕੰਪੋਸਟ ਪਾ ਕੇ ਬੀਜਣਾ ਚਾਹੀਦਾ ਹੈ। ਸੈਲਫਾਂ ਨੂੰ ਅਖ਼ਬਾਰਾਂ ਨਾਲ ਢੱਕ ਕੇ ਪਾਣੀ ਦਾ ਸਪ੍ਰੇਅ ਕੀਤਾ ਜਾਂਦਾ ਹੈ, ਜਿਸ ਨਾਲ ਅਖ਼ਬਾਰ ਹੀ ਗਿੱਲੇ ਹੋਣ, ਜੇ ਖੁੰਬਾਂ ਦੀ ਬਿਜਾਈ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਕੀਤੀ ਹੋਵੇ ਤਾਂ ਉਸ ਨਾਲ ਹੀ ਢੱਕਿਆ ਜਾ ਸਕਦਾ ਹੈ। ਬੀਜ ਨੂੰ ਪੁੰਗਰਨ ਲਈ ਕਮਰਾ ਬੰਦ ਰੱਖਿਆ ਜਾਂਦਾ ਹੈ।

### ਖੁੰਬਾਂ ਰੋਜ਼ ਤੋੜਨੀਆਂ ਜ਼ਰੂਰੀ

**ਜਦੋਂ ਖੁੰਬਾਂ ਤੋੜਨ ਲਈ ਤਿਆਰ ਹੋ ਜਾਂਦੀਆਂ ਹਨ ਤਾਂ ਇਨ੍ਹਾਂ ਦੀ ਡੰਡੀ 4-5 ਸੈਂਟੀਮੀਟਰ ਲੰਬੀ ਹੋ ਜਾਂਦੀ ਹੈ। ਖੁੰਬਾਂ ਨੂੰ ਤੋੜਨ ਲਈ ਥੋੜ੍ਹਾ ਜਿਹਾ ਘੁੰਮਾਓ ਤੇ ਤੋੜ ਲਓ। ਤੋੜੀਆਂ ਖੁੰਬਾਂ ਨੂੰ ਪਾਉਣ ਲਈ ਪਲਾਸਟਿਕ ਦੀ ਟਰੇਅ ਜਾਂ ਬਾਲਟੀ ਦੀ ਵਰਤੋਂ ਕਰੋ। ਬਟਨ ਖੁੰਬ ਦੀ ਫ਼ਸਲ ਤਕਰੀਬਨ ਤਿੰਨ ਮਹੀਨੇ ਤੱਕ ਚੱਲਦੀ ਹੈ। ਖੁੰਬਾਂ ਹਰ ਰੋਜ਼ ਤੋੜਨੀਆਂ ਜ਼ਰੂਰੀ ਹਨ।**

## ਗ਼ਜ਼ਲ

ਐਸੀ ਇੱਕ ਤਾਣੀਂ ਉਲਝਾਈ ਬੁਣਕਰ ਨੇ।
ਸਾਰੀ ਹੱਥ ਖੱਡੀ ਤੜਪਾਈ ਬੁਣਕਰ ਨੇ।
ਏਧਰੋਂ ਉਧਰੋਂ, ਉਧਰੋਂ ਏਧਰ ਕਰ ਦਿੱਤਾ,
ਨੀਤੀ ਵਿਚ ਬਦਨੀਤ ਰਚਾਈ ਬੁਣਕਰ ਨੇ।
ਤਾਣਾ ਪੇਟਾ ਚਿਮਟਾ ਵੱਖੋ-ਵੱਖ ਕੀਤੇ,
ਜਿੱਦਾਂ ਆਈ ਉਂਜ ਚਲਾਈ ਬੁਣਕਰ ਨੇ।
ਅੰਦੋਲਨ ਵਿੱਚ ਫ਼ਿਰਕਾ ਪ੍ਰਸਤੀ ਰਖਣੀਂ ਹੈ,
ਮਜ਼ਦੂਰਾਂ ਵਿੱਚ ਰੀਤ ਚਲਾਈ ਬੁਣਕਰ ਨੇ।
ਮਹਿੰਗਾਈ ਨੇ ਏਦਾਂ ਫਿਰ ਲੱਕ ਤੋੜੇ ਨੇ,
ਉਜਰਤ ਉਂਗਲਾਂ ਉੱਪਰ ਨਚਾਈ ਬੁਣਕਰ ਨੇ।
ਤਾਂ ਕਿ ਕੀਮਤ ਵਿੱਚ ਬੁਲੰਦੀ ਆ ਜਾਵੇ,
ਰੰਗਾਂ ਦੇ ਵਿੱਚ ਜ਼ਹਿਰ ਮਿਲਾਈ ਬੁਣਕਰ ਨੇ।
ਐਸਾ ਰਾਗ ਅਲਾਪੇ ਮੰਤਰ ਮੁਗਧ ਕਰੇ,
ਧੋਖੇ ਦੀ ਰੱਖੀ ਸ਼ਹਿਨਾਈ ਬੁਣਕਰ ਨੇ।
ਮਿੱਠੀ ਬੋਲੀ ਵਾਲੇ ਇੱਕ ਸਮੁੰਦਰ ਵਿੱਚੋਂ,
ਨਾਪੀ ਨਫ਼ਰਤ ਦੀ ਗਹਿਰਾਈ ਬੁਣਕਰ ਨੇ।
ਮੁਫ਼ਤ ਸੇਵਾਵਾਂ ਵਾਲੇ ਕਾਸੇ ਦੇ ਦਿੱਤੇ,
ਲਾਲਚ ਵਿੱਚ ਦੁਨੀਆਂ ਭਰਮਾਈ ਬੁਣਕਰ ਨੇ।
ਰੋਟੀ ਦੇ ਲਈ ਵਿੱਚ ਵਿਦੇਸ਼ਾਂ ਜਾਉ ਸਭ,
ਨਵਯੁਵਕਾਂ ਨੂੰ ਗੱਲ ਸਮਝਾਈ ਬੁਣਕਰ ਨੇ।
ਉਪਰੋਂ ਸਾਰੇ ਥਾਨ ਸਬੂਤੇ ਲਗਦੇ ਨੇ,
ਕੈਂਚੀ ਵਿੱਚੋਂ ਵਿੱਚ ਚਲਾਈ ਬੁਣਕਰ ਨੇ।
ਹਰ ਗਾਹਕ ਨੂੰ ਮਰਜ਼ੀ ਦੇ ਨਾਲ ਵੱਢਿਆ ਹੈ,
ਧੋਖੇ ਦੀ ਤਲਵਾਰ ਚਲਾਈ ਬੁਣਕਰ ਨੇ।
ਵੱਡਾ ਕਾਰੋਬਾਰੀ ਤੇ ਇੱਕ ਨੇਤਾ ਹੈ,
ਕੀਤੀ ਦਸਵੀਂ ਪਾਸ ਪੜ੍ਹਾਈ ਬੁਣਕਰ ਨੇ।
ਬਾਲਮ ਖੱਡੀ ਧਾਗੇ ਕੱਠੇ ਹੋਏ ਨੇ,
ਐਸੀ ਪਾਈ ਇੱਕ ਜੁਦਾਈ ਬੁਣਕਰ ਨੇ।

**ਬਲਵਿੰਦਰ ਬਾਲਮ ਗੁਰਦਾਸਪੁਰ, ਓਂਕਾਰ ਨਗਰ, ਗੁਰਦਾਸਪੁਰ**
ਮੋ. 98156-25409

# ਪਰਾਲੀ ਸਾੜਨ ਦਾ ਮਸਲਾ ਤੇ ਵਾਤਾਵਰਨ ਪੱਖੀ ਹੱਲ

**ਡਾ. ਪ੍ਰਿਯੰਕਾ ਸੌਰਭ**
ਮੋ. 70153-75570

ਹਰ ਸਾਲ ਝੋਨੇ ਦੀ ਵਾਢੀ ਦੇ ਸੀਜ਼ਨ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਖੇਤਾਂ ਵਿੱਚੋਂ ਨਿਕਲਦਾ ਧੂੰਆਂ ਅਸਮਾਨ ਨੂੰ ਧੁਆਂਖੀ ਧੁੰਦ ਨਾਲ ਭਰ ਦਿੰਦਾ ਹੈ। ਇਹ ਸਿਰਫ਼ ਖੇਤਾਂ ਦੀ ਅੱਗ ਨਹੀਂ ਹੈ, ਸਗੋਂ ਭਾਰਤ ਦੀਆਂ ਖੇਤੀ ਨੀਤੀਆਂ, ਆਰਥਿਕ ਅਸਮਾਨਤਾ ਅਤੇ ਵਾਤਾਵਰਨ ਅਸੰਤੁਲਨ ਦਾ ਇੱਕ ਭਿਆਨਕ ਪ੍ਰਤੀਬਿੰਬ ਹੈ। ਪੰਜਾਬ, ਹਰਿਆਣਾ, ਦਿੱਲੀ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਇਸ ਧੂੰਏਂ ਵਿੱਚ ਘਿਰ ਜਾਂਦੇ ਹਨ ਅਤੇ ਹਵਾ ਦੀ ਗੁਣਵੱਤਾ ਬਹੁਤ ਹੀ ਮਾੜੇ ਪੱਧਰ ਤੱਕ ਡਿੱਗ ਜਾਂਦੀ ਹੈ।

ਪਰਾਲੀ ਸਾੜਨ ਦਾ ਮੁੱਖ ਕਾਰਨ ਖੇਤਾਂ ਵਿੱਚ ਬਚੀ ਝੋਨੇ ਦੀ ਪਰਾਲੀ ਹੈ। ਇੱਕ ਵਾਰ ਝੋਨੇ ਦੀ ਫ਼ਸਲ ਕੱਟਣ ਤੋਂ ਬਾਅਦ ਕਿਸਾਨਾਂ ਕੋਲ ਰਹਿੰਦ-ਖੂੰਹਦ ਨੂੰ ਹਟਾਉਣ ਲਈ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਸਰੋਤ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਮੁੱਖ ਤੌਰ 'ਤੇ ਝੋਨੇ ਅਤੇ ਕਣਕ ਦੀ ਫ਼ਸਲ ਨੂੰ ਤਰਜ਼ੀਹ ਦਿੰਦੇ ਹਨ। ਹਰੀ ਕ੍ਰਾਂਤੀ ਨੇ ਇਨ੍ਹਾਂ ਰਾਜਾਂ ਨੂੰ ਦੇਸ਼ ਦੇ ਅਨਾਜ ਭੰਡਾਰ ਵਿੱਚ ਬਦਲ ਦਿੱਤਾ, ਪਰ ਖੇਤੀਬਾੜੀ ਨੂੰ ਇਕਸਾਰ ਅਤੇ ਪਾਣੀ ਸੰਵੇਦਨਸ਼ੀਲ ਵੀ ਬਣਾ ਦਿੱਤਾ। ਬਹੁਤ ਜ਼ਿਆਦਾ ਭੂਮੀਗਤ ਪਾਣੀ ਦੀ ਵਰਤੋਂ ਨੂੰ ਰੋਕਣ ਲਈ 2009 ਵਿੱਚ ਪੰਜਾਬ ਉਪ-ਜਲ ਸੰਭਾਲ ਐਕਟ ਲਾਗੂ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਮੌਨਸੂਨ ਦੇ ਮੀਂਹ ਦਾ ਲਾਹਾ ਲੈਣ ਲਈ ਝੋਨੇ ਦੀ ਲਵਾਈ ਜੂਨ ਦੇ ਅੰਤ ਤੱਕ ਪੂਰੀ ਕਰ ਲਈ ਜਾਵੇ। ਨਤੀਜੇ ਵਜੋਂ, ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚਕਾਰ ਸਿਰਫ਼ ਦਸ ਤੋਂ ਵੀਹ ਦਿਨ ਦਾ ਅੰਤਰ ਹੈ। ਕਿਸਾਨ ਇੰਨੇ ਘੱਟ ਸਮੇਂ ਵਿੱਚ ਪਰਾਲੀ ਇਕੱਠੀ ਕਰਕੇ ਖੇਤ ਤਿਆਰ ਨਹੀਂ ਕਰ ਸਕਦੇ, ਇਸ ਲਈ ਉਹ ਸਭ ਤੋਂ ਤੇਜ਼ ਅਤੇ ਸਸਤਾ ਹੱਲ ਚੁਣਦੇ ਹਨ ਪਰਾਲੀ ਸਾੜਨਾ।

ਇੱਕ ਹੋਰ ਵੱਡਾ ਕਾਰਨ ਆਰਥਿਕਤਾ ਹੈ। ਪਰਾਲੀ ਨੂੰ ਹਟਾਉਣ ਜਾਂ ਨਿਪਟਾਉਣ ਲਈ ਲੋੜੀਂਦੀਆਂ ਮਸ਼ੀਨਾਂ ਜਿਵੇਂ ਕਿ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ, ਹੈਪੀ ਸੀਡਰ, ਬੇਲਰ ਜਾਂ ਰੋਟਾਵੇਟਰ ਬਹੁਤ ਮਹਿੰਗੀਆਂ ਹਨ। ਤਿੰਨ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਛੋਟੇ ਕਿਸਾਨ ਇਨ੍ਹਾਂ ਮਸ਼ੀਨਾਂ ਨੂੰ ਖਰੀਦਣ ਜਾਂ ਕਿਰਾਏ 'ਤੇ ਲੈਣ ਤੋਂ ਅਸਮਰੱਥ ਹਨ। ਉਦਾਹਰਣ ਵਜੋਂ, ਇੱਕ ਹੈਪੀ ਸੀਡਰ ਦੇ ਕਿਰਾਏ 'ਤੇ ਪ੍ਰਤੀ ਏਕੜ ਲਗਭਗ ਦੋ ਤੋਂ ਤਿੰਨ ਹਜ਼ਾਰ ਰੁਪਏ ਖਰਚ ਆਉਂਦਾ ਹੈ, ਜਦਕਿ ਪਰਾਲੀ ਸਾੜਨ 'ਤੇ ਸਿਰਫ਼ ਇੱਕ ਮਾਚਿਸ ਦੀ ਡੱਬੀ ਅਤੇ ਕੁੱਝ ਡੀਜ਼ਲ ਹੀ ਲੱਗਦਾ ਹੈ।

ਪੰਜਾਬ ਅਤੇ ਹਰਿਆਣਾ ਵਿੱਚ ਲਾਏ ਜਾਣ ਵਾਲੇ ਜ਼ਿਆਦਾਤਰ ਝੋਨੇ ਦੀਆਂ ਕਿਸਮਾਂ ਆਮ ਹਨ, ਜਿਨ੍ਹਾਂ ਵਿੱਚ ਸਿਲਿਕਾ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਹ ਤੂੜੀ ਜਾਨਵਰਾਂ ਦੇ ਪੱਠਿਆਂ ਲਈ ਨਹੀਂ ਵਰਤੀ ਜਾ ਸਕਦੀ ਨਾ ਹੀ ਇਸਨੂੰ ਆਸਾਨੀ ਨਾਲ ਬਾਇਓਫਿਊਲ ਜਾਂ ਖਾਦ ਵਿੱਚ ਬਦਲਿਆ ਜਾ ਸਕਦਾ ਹੈ। ਹਾਲਾਂਕਿ ਪੂਰਬੀ ਭਾਰਤੀ ਭਾਸ਼ਾ ਵਿੱਚ ਚੌਲਾਂ ਦੀ ਪਰਾਲੀ ਨੂੰ ਪਸ਼ੂਆਂ ਦੇ ਚਾਰੇ ਵਜੋਂ ਵਰਤਿਆ ਜਾਂਦਾ ਹੈ, ਪਰ ਪੰਜਾਬ ਅਤੇ ਹਰਿਆਣਾ ਵਿੱਚ ਇਹ ਵਰਤੋਂ ਸੀਮਤ ਹੈ। ਇਸ ਲਈ ਤੂੜੀ ਇੱਥੇ ਕਿਸਾਨਾਂ ਨੂੰ ਕੋਈ ਆਰਥਿਕ ਲਾਭ ਨਹੀਂ ਦਿੰਦੀ।

ਇੱਕ ਹੋਰ ਕਾਰਨ ਮਜ਼ਦੂਰਾਂ ਦੀ ਘਾਟ ਤੇ ਜ਼ਮੀਨਾਂ ਦੇ ਟੁਕੜੇ ਛੋਟੇ ਹੋਣਾ ਹੈ। ਪਰਵਾਸੀ ਮਜ਼ਦੂਰਾਂ ਦੀ ਗਿਣਤੀ ਘੱਟ ਰਹੀ ਹੈ ਤੇ ਛੋਟੇ ਖੇਤਾਂ ਵਿੱਚ ਮਸ਼ੀਨਰੀ ਦੀ ਵਰਤੋਂ ਦੀ ਸਮਰੱਥਾ ਦੀ ਘਾਟ ਹੈ। ਸਮੇਂ ਅਤੇ ਮਜ਼ਦੂਰੀ ਦੀ ਘਾਟ ਕਾਰਨ ਕਿਸਾਨ ਅਗਲੀ ਫ਼ਸਲ ਬੀਜਣ ਲਈ ਜਲਦੀ ਵਿੱਚ ਪਰਾਲੀ ਸਾੜਦੇ ਹਨ।

ਕਾਨੂੰਨਾਂ ਅਤੇ ਜੁਰਮਾਨਿਆਂ ਦੇ ਬਾਵਜੂਦ, ਇਹ ਅਭਿਆਸ ਜਾਰੀ ਹੈ ਕਿਉਂਕਿ ਅਮਲ ਢਿੱਲਾ ਹੈ ਅਤੇ ਸਿਆਸੀ ਦਬਾਅ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨ ਤੋਂ ਰੋਕਦਾ ਹੈ।

ਹੁਣ ਸਵਾਲ ਇਹ ਹੈ ਕਿ ਇਸ ਸਮੱਸਿਆ ਦਾ ਸਥਾਈ ਹੱਲ ਕੀ ਹੋ ਸਕਦਾ ਹੈ ? ਸਪੱਸ਼ਟ ਹੈ ਕਿ ਸਿਰਫ਼ ਪਾਬੰਦੀਆਂ ਜਾਂ ਜੁਰਮਾਨੇ ਇਸ ਸਮੱਸਿਆ ਦਾ ਹੱਲ ਨਹੀਂ। ਅਜਿਹੀ ਰਾਜਨੀਤੀ ਅਪਣਾਉਣ ਦੀ ਲੋੜ ਹੈ ਜੋ ਕਿਸਾਨਾਂ ਦੀ ਰੋਜ਼ੀ ਰੋਟੀ ਤੇ ਵਾਤਾਵਰਨ ਸੁਰੱਖਿਆ ਦੋਵਾਂ ਨੂੰ ਜੋੜਦੀ ਹੋਵੇ। ਪਹਿਲਾ ਹੱਲ ਫ਼ਸਲੀ ਵਿਭਿੰਨਤਾ ਹੈ। ਪੰਜਾਬ ਅਤੇ ਹਰਿਆਣਾ ਵਿੱਚ ਜ਼ਮੀਨ ਲਗਾਤਾਰ ਝੋਨੇ-ਕਣਕ ਚੱਕਰ ਕਾਰਨ ਬੇਜ਼ਾਨ ਹੋ ਰਹੀ ਹੈ। ਪਾਣੀ ਦਾ ਪੱਧਰ ਵੀ ਡਿੱਗ ਰਿਹਾ ਹੈ। ਇਸ ਲਈ ਮੱਕੀ, ਦਾਲਾਂ, ਤੇਲ ਬੀਜਾਂ ਅਤੇ ਬਾਗਬਾਨੀ ਫ਼ਸਲਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸਰਕਾਰ ਇਨ੍ਹਾਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ, ਬੀਮਾ ਕਵਰੇਜ ਅਤੇ ਖ਼ਰੀਦ ਯਕੀਨੀ ਬਣਾਉਂਦੀ ਹੈ ਤਾਂ ਕਿਸਾਨਾਂ ਦੀ ਝੋਨੇ ਤੋਂ ਟੇਕ ਹੌਲੀ-ਹੌਲੀ ਘੱਟ ਸਕਦੀ ਹੈ।



ਇੱਕ ਹੋਰ ਹੱਲ ਮਸ਼ੀਨੀਕਰਨ ਅਤੇ ਸਾਂਝੇ ਸਰੋਤ ਹਨ। ਕਿਸਾਨਾਂ ਨੂੰ ਸਾਂਝੀ ਵਰਤੋਂ ਲਈ ਮਸ਼ੀਨਾਂ ਉਪਲੱਬਧ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪੰਚਾਇਤ ਜਾਂ ਸਹਿਕਾਰੀ ਪੱਧਰ 'ਤੇ ਕਸਟਮ ਹਾਇਰਿੰਗ ਸੈਂਟਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ, ਜਿੱਥੇ ਕਿਸਾਨ ਘੱਟ ਕੀਮਤ 'ਤੇ ਹੈਪੀ ਸੀਡਰ ਜਾਂ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਵਰਗੀਆਂ ਮਸ਼ੀਨਾਂ ਕਿਰਾਏ 'ਤੇ ਲੈ ਸਕਣ। ਕੇਂਦਰ ਸਰਕਾਰ ਦੀ 'ਫ਼ਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ' ਤਹਿਤ ਪੰਜਾਬ ਅਤੇ ਹਰਿਆਣਾ ਵਿੱਚ ਇੱਕ ਲੱਖ ਤੋਂ ਵੱਧ ਮਸ਼ੀਨਾਂ ਵੰਡੀਆਂ ਗਈਆਂ ਹਨ, ਪਰ ਉਹ ਸਾਰੇ ਕਿਸਾਨਾਂ ਤੱਕ ਨਹੀਂ ਪਹੁੰਚੀਆਂ। ਜੇਕਰ ਹਰ ਪਿੰਡ ਵਿੱਚ ਭਾਈਚਾਰਕ ਮਸ਼ੀਨੀਕਰਨ ਕੇਂਦਰ ਸਥਾਪਤ ਕੀਤੇ ਜਾਂਦੇ ਹਨ ਤਾਂ ਕਿਸਾਨ ਪਰਾਲੀ ਸਾੜਨ ਤੋਂ ਬਚਣਗੇ।

ਤੀਜਾ ਹੱਲ ਹੈ ਪਰਾਲੀ ਦੀ ਵਰਤੋਂ ਉਦਯੋਗਿਕ ਤੌਰ 'ਤੇ ਕੀਤੀ ਜਾਵੇ। ਪਰਾਲੀ ਨੂੰ ਰਹਿੰਦ-ਖੂੰਹਦ ਵਜੋਂ ਨਹੀਂ ਸਗੋਂ ਇੱਕ ਸਰੋਤ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਇਸ ਦੀ ਵਰਤੋਂ ਬਾਇਓਐਨਰਜੀ, ਈਥਾਨੋਲ, ਕਾਗਜ਼, ਪੈਕੇਜਿੰਗ ਅਤੇ ਨਿਰਮਾਣ ਸਮੱਗਰੀ ਬਣਾਉਣ ਲਈ ਕੀਤੀ ਜਾ ਸਕਦੀ ਹੈ।

ਇੱਕ ਹੋਰ ਹੱਲ ਹੈ, ਭਾਈਚਾਰਕ ਉਤਸ਼ਾਹ ਅਤੇ ਜਨਤਕ ਜਾਗਰੂਕਤਾ। ਜਿਹੜੇ ਕਿਸਾਨ ਪਰਾਲੀ ਨਹੀਂ ਸਾੜਦੇ, ਉਨ੍ਹਾਂ ਨੂੰ ਵਿੱਤੀ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ। ਪਿੰਡ ਪੱਧਰੀ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ, ਤੇ 'ਜ਼ੀਰੋ-ਬਰਨ ਪਿੰਡ' ਐਲਾਨੇ ਜਾਣੇ ਚਾਹੀਦੇ ਹਨ। ਦਿੱਲੀ, ਪੰਜਾਬ ਅਤੇ ਹਰਿਆਣਾ ਵਿੱਚ, 'ਪੂਸਾ ਡੀਕੰਪੋਜ਼ਰ' ਨਾਂ ਦੇ ਜੈਵਿਕ ਘੋਲ ਦੀ ਵਰਤੋਂ ਕਰਕੇ ਖੇਤ ਵਿੱਚ ਪਰਾਲੀ ਨੂੰ ਖਾਦ ਵਿੱਚ ਬਦਲਿਆ ਜਾ ਰਿਹਾ ਹੈ। ਜੇਕਰ ਇਸ ਤਕਨੀਕ ਨੂੰ ਵੱਡੇ ਪੱਧਰ 'ਤੇ ਵਰਤਿਆ ਜਾਵੇ ਤਾਂ ਪਰਾਲੀ ਸਾੜਨ ਦਾ ਸਿਲਸਿਲਾ ਖ਼ਤਮ ਹੋ ਜਾਵੇਗਾ।

ਇਸ ਤੋਂ ਇਲਾਵਾ ਪ੍ਰਸ਼ਾਸਕੀ ਅਤੇ ਨੀਤੀਗਤ ਤਾਲਮੇਲ ਕਾਇਮ ਕੀਤਾ ਜਾਣਾ ਚਾਹੀਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਤਾਲਮੇਲ ਹੋਣਾ ਚਾਹੀਦਾ ਹੈ ਤਾਂ ਜੋ ਖੇਤੀਬਾੜੀ, ਵਾਤਾਵਰਨ ਅਤੇ ਊਰਜਾ ਵਿਭਾਗ ਇੱਕ ਸਾਂਝੀ ਯੋਜਨਾ ਤਹਿਤ ਕੰਮ ਕਰ ਸਕਣ। ਪਰਾਲੀ ਪ੍ਰਬੰਧਨ ਨੂੰ ਪੇਂਡੂ ਰੁਜ਼ਗਾਰ ਯੋਜਨਾਵਾਂ, ਬਾਇਓਐਨਰਜੀ ਮਿਸ਼ਨਾਂ ਅਤੇ ਜਲਵਾਯੂ ਪਰਿਵਰਤਨ ਪ੍ਰੋਗਰਾਮਾਂ ਨਾਲ ਜੋੜਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਪਰਾਲੀ ਇਕੱਠੀ ਕਰਨਾ ਜਾਂ ਬਾਇਓਫਰਟੀਲਾਈਜ਼ਰ ਯੂਨਿਟਾਂ ਵਿੱਚ ਕੰਮ ਕਰਨ ਨੂੰ ਮਨਰੇਗਾਂ ਅਧੀਨ ਰੁਜ਼ਗਾਰ ਨਾਲ ਜੋੜਿਆ ਜਾ ਸਕਦਾ ਹੈ।

ਤਕਨੀਕੀ ਨਿਗਰਾਨੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਸੈਟੇਲਾਈਟ ਆਧਾਰਤ ਡੇਟਾ ਪਰਾਲੀ ਸਾੜਨ ਦੀਆਂ ਘਟਨਾਵਾਂ ਬਾਰੇ ਤੇਜ਼ੀ ਨਾਲ ਜਾਣਕਾਰੀ ਮੁਹੱਈਆ ਕਰਵਾ ਸਕਦਾ ਹੈ, ਜਿਸ ਨਾਲ ਸਥਾਨਕ ਅਧਿਕਾਰੀ ਸਮੇਂ ਸਿਰ ਦਖ਼ਲ ਦੇ ਸਕਦੇ ਹਨ। ਹਾਲਾਂਕਿ, ਇਹ ਦਖ਼ਲ ਸਹਿਯੋਗੀ ਹੋਣਾ ਚਾਹੀਦਾ ਹੈ, ਸਿਰਫ਼ ਸਜ਼ਾ ਦੇਣ ਵਾਲਾ ਨਹੀਂ।

ਇਨ੍ਹਾਂ ਸਾਰੇ ਉਪਾਵਾਂ ਦਾ ਉਦੇਸ਼ ਕਿਸਾਨਾਂ ਨੂੰ ਸਾਥੀ ਬਣਾਉਣਾ ਹੈ, ਦੋਸ਼ੀ ਨਹੀਂ। ਕਿਸਾਨ ਪਰਾਲੀ ਸਾੜਦੇ ਹਨ ਕਿਉਂਕਿ ਉਨ੍ਹਾਂ ਕੋਲ ਬਦਲ ਨਹੀਂ ਹੈ। ਜਦੋਂ ਉਨ੍ਹਾਂ ਨੂੰ ਕਿਫਾਇਤੀ, ਲਾਭਦਾਇਕ ਅਤੇ ਵਾਤਾਵਰਨ ਅਨੁਕੂਲ ਬਦਲ ਮਿਲਣਗੇ ਤਾਂ ਉਹ ਖ਼ੁਦ ਇਸ ਦਿਸ਼ਾ ਵੱਲ ਵਧਣਗੇ।

ਅੰਤ ਵਿੱਚ, ਇਹ ਸਮਝਣਾ ਪਵੇਗਾ ਕਿ ਪਰਾਲੀ ਸਾੜਨਾ ਸਮਾਜਿਕ ਆਰਥਿਕ ਅਸੰਤੁਲਨ ਦਾ ਨਤੀਜਾ ਵੀ ਹੈ। ਇਸ ਨੂੰ ਰੋਕਣ ਲਈ ਕਿਸਾਨ ਭਲਾਈ, ਨੀਤੀ ਸੁਧਾਰ ਅਤੇ ਤਕਨੀਕੀ ਸਹਾਇਤਾ ਦਾ ਤਾਲਮੇਲ ਜ਼ਰੂਰੀ ਹੈ। ਜੇਕਰ ਪਰਾਲੀ ਦੀ ਵਰਤੋਂ ਊਰਜਾ, ਉਦਯੋਗ ਅਤੇ ਜੈਵਿਕ ਖਾਦ ਲਈ ਕੀਤੀ ਜਾਂਦੀ ਹੈ ਤਾਂ ਇਹ ਪ੍ਰਦੂਸ਼ਣ ਦੇ ਸਰੋਤ ਦੀ ਥਾਂ ਵਿਕਾਸ ਦਾ ਇੱਕ ਸਾਧਨ ਬਣ ਸਕਦੀ ਹੈ।

ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਸਿਰਫ਼ ਪਾਬੰਦੀਆਂ ਅਤੇ ਜੁਰਮਾਨਿਆਂ ਵਿੱਚ ਵੀ ਨਹੀਂ, ਸਗੋਂ ਸੰਵੇਦਨਸ਼ੀਲ ਨੀਤੀ, ਕਿਸਾਨ ਭਾਗੀਦਾਰੀ ਅਤੇ ਤਕਨੀਕੀ ਨਵੀਨਤਾ ਵਿੱਚ ਵੀ ਹੈ। ਜਦੋਂ ਫ਼ਸਲ ਵਿਭਿੰਨਤਾ, ਮਸ਼ੀਨੀਕਰਨ, ਪਰਾਲੀ ਦੀ ਉਦਯੋਗਿਕ ਵਰਤੋਂ ਅਤੇ ਭਾਈਚਾਰਕ ਹੱਲਾਸ਼ੇਰੀ ਇਕੱਠੇ ਕੰਮ ਕਰਨਗੇ ਤਾਂ ਹੀ ਸਾਫ਼ ਹਵਾ ਅਤੇ ਸੁਰੱਖਿਅਤ ਖੇਤੀਬਾੜੀ ਦੋਵੇਂ ਸੰਭਵ ਹੋਣਗੇ। ਇਹ ਸੰਤੁਲਨ ਹੀ ਉੱਤਰੀ ਭਾਰਤ ਨੂੰ ਪਰਾਲੀ ਸਾੜਨ ਤੋਂ ਮੁਕਤ ਕਰਨ ਅਤੇ ਟਿਕਾਊ ਖੇਤੀਬਾੜੀ ਵਿਕਾਸ ਵੱਲ ਵਧਣ ਦਾ ਇੱਕੋ-ਇੱਕ ਤਰੀਕਾ ਹੈ।



**ਖੇਤੀ ਦੁਨੀਆਂ**
ਪੰਜਾਬੀ ਖੇਤੀਬਾੜੀ ਸਪਤਾਹਿਕ
**KHETI DUNIYAN**
An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ, ਪਟਿਆਲਾ
**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਮੋਬਾਇਲ 90410-14575
ਈ-ਮੇਲ : khetiduniyan1983@gmail.com

### ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Varginia Printers,** Shere-e-Punjab Market, Gaushala Road, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). RNI No.**PUNPUN00806**

ਮਨਪ੍ਰੀਤ ਸਿੰਘ, ਤਰੁਨਦੀਪ ਕੌਰ ਅਤੇ ਜਸਵੀਰ ਸਿੰਘ ਗਿੱਲ,
ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 75891-66117)



# ਕਣਕ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਅਗੇਤੇ ਪ੍ਰਬੰਧ ਕਰੋ

**ਗੁੱਲੀ ਡੰਡਾ ਕਣਕ ਦਾ ਪ੍ਰਮੁੱਖ ਨਦੀਨ ਹੈ ਜੋ ਕਿ ਵੱਖ-ਵੱਖ ਸਮੇਂ ਤੇ ਕਈ ਲੌਆਂ ਵਿੱਚ ਉੱਗਦਾ ਹੈ। ਗੁੱਲੀ ਡੰਡਾ ਜਾਂ ਤਾਂ ਫ਼ਸਲ ਦੇ ਨਾਲ ਹੀ ਉੱਗ ਜਾਂਦਾ ਹੈ ਜਾਂ ਫਿਰ ਬਾਰਿਸ਼ ਹੋਣ ਕਰਕੇ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ ਉੱਗਦਾ ਹੈ। ਸ਼ੁਰੂਆਤ ਵਿੱਚ ਕਣਕ ਦੇ ਜੰਮ ਦੇ ਨਾਲ ਉੱਗਣ ਵਾਲਾ ਪਹਿਲਾ ਲੌ ਕਣਕ ਦੇ ਝਾੜ ਉੱਪਰ ਜ਼ਿਆਦਾ ਅਸਰ ਪਾਉਂਦਾ ਹੈ। ਇਸ ਲਈ ਕਣਕ ਦਾ ਚੰਗਾ ਝਾੜ ਲੈਣ ਲਈ ਸ਼ੁਰੂਆਤੀ ਵਾਧੇ ਸਮੇਂ ਗੁੱਲੀ ਡੰਡੇ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਗੁੱਲੀ ਡੰਡੇ ਤੋਂ ਨਿਜਾਤ ਪਾਉਣ ਵਿੱਚ ਇੱਕ ਵੱਡੀ ਮੁਸ਼ਕਿਲ ਇਹ ਵੀ ਆ ਰਹੀ ਹੈ ਕਿ ਕਣਕ ਵਿੱਚ ਵਰਤੇ ਜਾਣ ਵਾਲੇ ਜ਼ਿਆਦਾਤਰ ਨਦੀਨਨਾਸ਼ਕਾਂ ਪ੍ਰਤੀ ਇਸ ਨਦੀਨ ਨੇ ਰੋਧਨ ਸ਼ਕਤੀ ਪੈਦਾ ਕਰ ਲਈ ਹੈ। ਇਸ ਕਰਕੇ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਕਣਕ ਵਿੱਚ ਗੁੱਲੀ ਡੰਡੇ ਦੀ ਸੁਚੱਜੀ ਰੋਕਥਾਮ ਲਈ ਬਦਲਵੇਂ ਢੰਗਾਂ ਦੀ ਵਰਤੋਂ ਕੀਤੀ ਜਾਵੇ।**

## ਕਾਸ਼ਤਕਾਰੀ ਅਤੇ ਮਸ਼ੀਨੀ ਢੰਗ :

**ਫ਼ਸਲਾਂ ਦਾ ਹੇਰ-ਫੇਰ :** ਜਿਨ੍ਹਾਂ ਖੇਤਾਂ ਵਿੱਚ ਗੁੱਲੀ ਡੰਡੇ ਦੀ ਸਮੱਸਿਆ ਬਹੁਤ ਹੀ ਜ਼ਿਆਦਾ ਹੋਵੇ, ਉੱਥੇ ਜੇਕਰ ਸੰਭਵ ਹੋਵੇ ਤਾਂ ਕਣਕ ਦੀ ਥਾਂ ਬਰਸੀਮ, ਕਮਾਦ ਜਾਂ ਆਲੂ ਦੀ ਕਾਸ਼ਤ 1-2 ਸਾਲ ਕਰਨ ਨਾਲ, ਗੁੱਲੀ ਡੰਡੇ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ। ਉਦਾਹਰਨ ਵਜੋਂ ਬਰਸੀਮ ਵਿੱਚ ਵਾਰ-ਵਾਰ ਕਟਾਈ ਹੋਣ ਕਰਕੇ ਗੁੱਲੀ ਡੰਡੇ ਦਾ ਨਵਾਂ ਬੀਜ ਨਹੀਂ ਬਣਦਾ ਅਤੇ ਵਾਰ-ਵਾਰ ਉੱਗਣ ਵਾਲੇ ਨਦੀਨਾਂ ਦੇ ਲੌਅ ਦੀ ਕਟਾਈ ਕਰਕੇ ਖੇਤ ਵਿੱਚੋਂ ਨਦੀਨਾਂ ਦੇ ਬੀਜ ਦੀ ਜਮ੍ਹਾਂ-ਪੂੰਜੀ ਨੂੰ ਘਟਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਕਮਾਦ ਵਿੱਚ ਕਣਕ ਨਾਲੋਂ ਵੱਖਰੇ ਨਦੀਨ-ਨਾਸ਼ਕਾਂ ਦੀ ਵਰਤੋਂ ਅਤੇ ਕਈ ਵਾਰ ਗੋਡੀਆਂ ਹੋਣ ਕਰਕੇ ਨਦੀਨਾਂ ਦੀ ਚੰਗੀ ਰੋਕਥਾਮ ਹੋ ਜਾਂਦੀ ਹੈ। ਜਦੋਂ ਕਿ ਸਰ੍ਹੋਂ ਦੀ ਫ਼ਸਲ ਦੀ ਜਲਦੀ ਬਿਜਾਈ, ਤੇਜ਼ ਵਾਧਾ ਅਤੇ ਛੇਤੀ ਕਟਾਈ ਹੋਣ ਕਰਕੇ ਗੁੱਲੀ ਡੰਡਾ ਬੀਜ ਨਹੀਂ ਬਣਾ ਪਾਉਂਦਾ। ਆਲੂ ਵਿੱਚ ਵੀ ਵੱਖਰੇ ਨਦੀਨ-ਨਾਸ਼ਕਾਂ ਦੀ ਵਰਤੋਂ ਅਤੇ ਪੁਟਾਈ ਜਲਦੀ ਹੋਣ ਕਰਕੇ ਨਦੀਨਾਂ ਨੂੰ ਬੀਜ ਪੈਣ ਤੋਂ ਪਹਿਲਾਂ ਹੀ ਨਸ਼ਟ ਕੀਤਾ ਜਾ ਸਕਦਾ ਹੈ।



**ਨਵੰਬਰ ਦੇ ਪਹਿਲੇ ਹਫਤੇ ਤੱਕ ਬਿਜਾਈ :** ਗੁੱਲੀ ਡੰਡੇ ਦੇ ਬੀਜ ਨੂੰ ਉੱਗਣ ਲਈ 15-20 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ। ਜਿਨ੍ਹਾਂ ਖੇਤਾਂ ਵਿੱਚ ਪਿਛਲੇ ਸਾਲ ਗੁੱਲੀ ਡੰਡੇ ਦੀ ਸਮੱਸਿਆ ਜ਼ਿਆਦਾ ਆਈ ਹੋਵੇ, ਉਨ੍ਹਾਂ ਖੇਤਾਂ ਵਿੱਚ ਅਗੇਤੀ ਬਿਜਾਈ (25 ਅਕਤੂਬਰ ਤੋਂ ਨਵੰਬਰ ਦੇ ਪਹਿਲੇ ਹਫਤੇ), ਜੋ ਕਿ ਗੁੱਲੀ ਡੰਡੇ ਦੇ ਉੱਗਣ ਲਈ ਘੱਟ ਅਨੁਕੂਲ ਹੁੰਦਾ ਹੈ, ਵਿੱਚ ਕਰਨ ਨਾਲ ਕਣਕ ਦੀ ਫ਼ਸਲ ਗੁੱਲੀ ਡੰਡੇ ਦੇ ਪਹਿਲੇ ਲੌਅ ਤੋਂ ਬਚ ਜਾਂਦੀ ਹੈ।

**ਬਿਨਾਂ/ਘੱਟ ਵਾਹੇ ਕਣਕ ਦੀ ਬਿਜਾਈ :** ਕਣਕ ਨੂੰ ਬਿਨਾਂ ਵਾਹੇ ਜਾਂ ਘੱਟ ਤੋਂ ਘੱਟ ਵਹਾਈ ਕਰਕੇ ਵੀ ਬੀਜਿਆ ਜਾ ਸਕਦਾ ਹੈ। ਜ਼ੀਰੋ-ਟਿੱਲੇਜ/ਘੱਟ ਤੋਂ ਘੱਟ ਵਹਾਈ ਵਿੱਚ ਨਦੀਨਾਂ ਖਾਸ ਕਰਕੇ ਗੁੱਲੀ ਡੰਡੇ ਦੀ ਘੱਟ ਸਮੱਸਿਆ ਹੁੰਦੀ ਹੈ। ਕਈ ਵਾਰ ਬਿਨਾਂ ਵਹਾਈ ਵਾਲੇ ਖੇਤਾਂ ਵਿੱਚ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਝੋਨੇ ਦੇ ਖੜ੍ਹੇ ਕਰਚਿਆਂ ਵਿੱਚ ਗੁੱਲੀ ਡੰਡਾ ਵੀ ਉੱਗ ਜਾਂਦਾ ਹੈ, ਉਹਨਾਂ ਹਾਲਤਾਂ ਬਿਜਾਈ ਤੋਂ ਦੋ ਦਿਨ ਪਹਿਲਾਂ ਵਿੱਚ 500 ਮਿਲੀਲੀਟਰ ਗ੍ਰਾਮੈਕਸੋਨ 24 ਐਸ. ਐਲ. (ਪੈਰਾਕੁਐਟ) ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਝੋਨੇ ਦੀ ਪਰਾਲੀ ਦੀ ਮੱਲਚ ਵਜੋਂ ਵਰਤੋਂ :** ਹੈਪੀ ਸੀਡਰ, ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਝੋਨੇ ਦੇ ਵੱਢ ਵਿੱਚ ਬਿਨਾਂ ਵਾਹੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਬਹੁਤ ਘੱਟ ਉਗਦੇ ਹਨ। ਖੇਤ ਵਿੱਚ ਇੱਕ ਸਾਰ ਵਿਛੀ ਹੋਈ ਝੋਨੇ ਦੀ ਪਰਾਲੀ ਦੀ ਤਿੰਨ ਤੋਂ ਚਾਰ ਇੰਚ ਮੋਟੀ ਤਹਿ ਮਲਚਿੰਗ ਦਾ ਕੰਮ ਕਰਦੀ ਹੈ, ਜੋ ਗੁੱਲੀ ਡੰਡੇ ਨੂੰ ਜੰਮਣ ਤੋਂ ਰੋਕਦੀ ਹੈ।

**ਖੇਤ ਦੀ ਉੱਪਰਲੀ ਸਤ੍ਹਾ ਸੁਕਾ ਕੇ ਬਿਜਾਈ :** ਜ਼ਿਆਦਾਤਰ ਨਦੀਨਾਂ ਦੇ ਬੀਜ ਖਾਸ ਕਰਕੇ ਗੁੱਲੀ ਡੰਡੇ ਦਾ ਬੀਜ ਜ਼ਮੀਨ ਦੀ ਉਪਰਲੀ 1-2 ਸੈਂਟੀਮੀਟਰ ਸਤ੍ਹਾ ਤੋਂ ਹੀ ਉੱਗਦੇ ਹਨ। ਨਦੀਨਾਂ ਦੇ ਬੀਜ ਨੂੰ ਉੱਗਣ ਲਈ ਸਲਾਭ ਦੀ ਲੋੜ ਹੁੰਦੀ ਹੈ। ਇਸ ਲਈ ਜੇਕਰ ਬਿਜਾਈ ਤੋਂ ਪਹਿਲਾਂ ਖੇਤ ਦੀ ਉਪਰਲੀ ਸਤ੍ਹਾ ਨੂੰ ਸੁਕਾ ਲਿਆ ਜਾਵੇ ਤਾਂ ਫ਼ਸਲ ਵਿੱਚ ਨਦੀਨਾਂ ਦਾ ਪਹਿਲਾ ਲੌਅ ਬਹੁਤ ਘੱਟ ਉੱਗਦਾ ਹੈ। ਰੌਣੀ ਕਰਨ ਤੋਂ ਬਾਅਦ ਜਾਂ ਝੋਨੇ ਦੀ ਕਟਾਈ ਤੋਂ ਬਾਅਦ ਜੇਕਰ ਖੇਤ ਵਿੱਚ ਨਮੀ ਹੋਣ ਕਰਕੇ ਨਦੀਨ ਉੱਗ ਪੈਂਦੇ ਹਨ ਤਾਂ ਇਹਨਾਂ ਨਦੀਨਾਂ ਨੂੰ ਬਿਜਾਈ ਤੋਂ ਪਹਿਲਾਂ ਹਲਕੀ ਵਹਾਈ ਕਰਕੇ ਨਸ਼ਟ ਕਰ ਦਿਉ ਅਤੇ ਉਸ ਤੋਂ ਬਾਅਦ ਉੱਪਰਲੀ ਸਤਹਿ ਸੁਕਾ ਕੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਘੱਟ ਉੱਗਦੇ ਹਨ।

**ਬੈਡਾਂ 'ਤੇ ਬਿਜਾਈ :** ਬੈਡਾਂ 'ਤੇ ਬੀਜੀ ਕਣਕ ਵਾਲੇ ਖੇਤਾਂ ਵਿੱਚ ਰਵਾਇਤੀ ਢੰਗ ਨਾਲ ਬੀਜੀ ਕਣਕ ਦੀ ਫ਼ਸਲ ਦੇ ਮੁਕਾਬਲੇ ਨਦੀਨ ਘੱਟ ਉੱਗਦੇ ਹਨ, ਕਿਉਂਕਿ ਬੈਡਾਂ ਦੀ ਉਪਰਲੀ ਸਤਹਿ ਜਲਦੀ ਸੁੱਕ ਜਾਂਦੀ ਹੈ।

## ਰਸਾਇਣਿਕ ਢੰਗ :

**ਬਿਜਾਈ ਸਮੇਂ ਕੀਤੇ ਜਾਣ ਵਾਲੇ ਨਦੀਨ-ਨਾਸ਼ਕ :** ਜੇਕਰ ਕਣਕ ਦੀ ਬਿਜਾਈ ਰਵਾਇਤੀ ਢੰਗ ਨਾਲ ਵਾਹ ਕੇ ਕੀਤੀ ਹੋਵੇ ਤਾਂ ਗੁੱਲੀ ਡੰਡੇ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨ ਦੇ ਅੰਦਰ ਪ੍ਰਤੀ ਏਕੜ 1.5 ਲੀਟਰ ਸਟੌਂਪ / ਦੋਸਤ / ਮਾਰਕਪੈਂਡੀ / ਪੈਂਡਾ / ਪੈਡਿਨ / ਬੰਕਰ / ਜ਼ਾਕੀਯਾਮਾ 30 ਈ. ਸੀ. (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) ਨੂੰ ਚੰਗੇ ਵੱਤਰ ਵਿੱਚ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਹਨਾਂ ਨਦੀਨ-ਨਾਸ਼ਕਾਂ ਤੋਂ ਚੰਗੇ ਨਤੀਜੇ ਲੈਣ ਲਈ ਚੰਗੀ ਤਰ੍ਹਾਂ ਤਿਆਰ ਖੇਤ ਵਿੱਚ, ਵੱਤਰ ਵਿੱਚ ਹੀ ਛਿੜਕਾਅ ਕਰਨਾ ਚਾਹੀਦਾ ਹੈ। ਜੇਕਰ ਹੈਪੀ ਸੀਡਰ ਨਾਲ ਬਿਜਾਈ ਕਰਨੀ ਹੋਵੇ ਤਾਂ ਬਿਜਾਈ ਤੋਂ ਪਹਿਲਾਂ ਇਹਨਾਂ ਵਿੱਚੋਂ ਕਿਸੇ ਇੱਕ ਨਦੀਨ-ਨਾਸ਼ਕ (ਸਟੌਂਪ / ਅਵਕੀਰਾ / ਮੋਮੀਜੀ / ਪਲੇਟਫਾਰਮ / ਦਕਸ਼ ਪਲੱਸ) ਨੂੰ ਯੂਰੀਆ ਵਿੱਚ ਮਿਲਾ ਕੇ ਛੱਟਾ ਦੇਣਾ ਚਾਹੀਦਾ ਹੈ ਅਤੇ ਤੁਰੰਤ ਬਾਅਦ ਹੈਪੀ ਸੀਡਰ ਨਾਲ ਬਿਜਾਈ ਕਰ ਦਿਉ। ਪਲੇਟਫਾਰਮ 385 ਐਸ. ਈ. ਅਤੇ ਦਕਸ਼ ਪਲੱਸ 48 ਈ. ਸੀ. ਨਦੀਨ-ਨਾਸ਼ਕ ਗੁੱਲੀ ਡੰਡੇ ਦੇ ਨਾਲ-ਨਾਲ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਵੀ ਰੋਕਥਾਮ ਕਰਦੇ ਹਨ।

ਛਿੜਕਾਅ ਲਈ ਹੱਥ ਨਾਲ / ਬੈਟਰੀ ਨਾਲ / ਇੰਜਣ ਨਾਲ ਚੱਲਣ ਵਾਲੇ ਜਾਂ ਟਰੈਕਟਰ ਨਾਲ ਚੱਲਣ ਵਾਲੇ ਮਲਟੀ ਬੂਮ ਸਪਰੇਅਰ ਦੀ ਵਰਤੋਂ ਕਰੋ। ਨਦੀਨ-ਨਾਸ਼ਕਾਂ ਦੇ ਛਿੜਕਾਅ ਲਈ ਟੱਕ ਵਾਲੀ ਜਾਂ ਕੱਟ ਵਾਲੀ ਨੋਜ਼ਲ ਹੀ ਵਰਤੋ। ਛਿੜਕਾਅ ਕਰਨ ਲਈ ਲੱਕੀ ਸੀਡ ਡਰਿੱਲ ਨੂੰ ਤਰਜੀਹ ਦਿਉ, ਕਿਉਂਕਿ ਇਹ ਮਸ਼ੀਨ ਕਣਕ ਦੀ ਬਿਜਾਈ ਅਤੇ ਨਦੀਨ-ਨਾਸ਼ਕ ਦੀ ਸਪਰੇਅ ਇੱਕੋ ਸਮੇਂ ਕਰਦੀ ਹੈ। ਜੇਕਰ ਕਣਕ ਵਿੱਚ ਰਾਇਆ/ਸਰ੍ਹੋਂ ਬੀਜੀ ਹੋਵੇ ਤਾਂ ਉੱਥੇ ਪਲੇਟਫਾਰਮ/ਦਕਸ਼ ਪਲੱਸ ਨਦੀਨ-ਨਾਸ਼ਕ ਦੀ ਵਰਤੋਂ ਨਾ ਕਰੋ।

# ਪਰਾਲੀ ਪ੍ਰਬੰਧਨ ਅਤੇ ਕਣਕ ਦੀ ਬਿਜਾਈ ਲਈ ਪ੍ਰਦਰਸ਼ਨੀ ਪਲਾਟ : ਇੱਕ ਨਵੇਕਲਾ ਉਪਰਾਲਾ

ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ, ਪੀ. ਏ. ਯੂ.-
ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ (ਮੋ. 98157-51900)

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਕੁਦਰਤੀ ਸੋਮਿਆਂ ਦੀ ਉਚਿਤ ਵਰਤੋਂ ਸੰਬੰਧੀ ਵੱਖ-ਵੱਖ ਤਕਨੀਕਾਂ ਵਿਕਸਿਤ ਅਤੇ ਸਿਫ਼ਾਰਿਸ਼ ਕੀਤੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਭਾਰਤ ਖੇਤਬਾੜੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਗੱਲ ਤੇ ਮੁਹਿੰਮ ਰੂਪ ਵਿੱਚ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਅਤੇ ਉਪਲੱਬਧ ਮਸ਼ੀਨਰੀ ਤੇ ਤਕਨੀਕਾਂ ਰਾਹੀਂ ਇਸ ਦਾ ਯੋਗ ਪ੍ਰਬੰਧ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ।

ਝੋਨੇ ਦੀ ਪਰਾਲੀ ਦਾ ਖੇਤ ਵਿੱਚ ਹੀ ਪ੍ਰਬੰਧਨ ਕਰਨ ਉਪਰੰਤ ਕਣਕ ਦੀ ਬਿਜਾਈ ਸੰਬੰਧੀ ਸਿਫ਼ਾਰਿਸ਼ ਖੇਤੀ ਮਸ਼ੀਨਾਂ ਦੀ ਪ੍ਰਦਰਸ਼ਨੀ ਦੇ ਪ੍ਰਭਾਵ ਨੂੰ ਦਰਸਾਉਣ ਲਈ ਪੀ.ਏ.ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੇ ਡਾਇਰੈਕਟੋਰੇਟ, ਪਸਾਰ ਸਿੱਖਿਆ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਆਈ.ਸੀ.ਏ.ਆਰ.-ਅਟਾਰੀ, ਜੋਨ-1, ਲੁਧਿਆਣਾ ਦੀ ਯੋਗ ਅਗਵਾਈ ਹੇਠ ਪਿਛਲੇ ਦੋ ਸਾਲਾਂ ਤੋਂ ਵੱਖ-ਵੱਖ ਖੇਤੀ ਮਸ਼ੀਨਰੀ ਰਾਹੀਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਪ੍ਰਬੰਧਨ ਕਰਕੇ ਕਣਕ ਦੀ ਬਿਜਾਈ ਲਈ ਸਥਾਈ ਪ੍ਰਦਰਸ਼ਨੀ ਪਲਾਟ ਸਥਾਪਤ ਕੀਤੇ ਹਨ। ਇੱਕ ਸਥਾਈ ਪ੍ਰਦਰਸ਼ਨੀ ਪਲਾਂਟ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਫਾਰਮ ਅਤੇ ਦੂਸਰਾ ਸਥਾਈ ਪ੍ਰਦਰਸ਼ਨੀ ਪਲਾਟ ਅਗਾਂਹਵਧੂ ਕਿਸਾਨ ਦੇ ਖੇਤਾਂ ਵਿੱਚ ਸਥਾਪਤ ਕੀਤੇ ਗਏ ਹਨ। ਇਹਨਾਂ ਪਲਾਟਾਂ ਵਿੱਚ ਵੱਖ-ਵੱਖ ਸਿਫ਼ਾਰਸ਼ਾਂ, ਝੋਨੇ ਦੀ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਦੀ ਮਸ਼ੀਨਾਂ, ਜਿਵੇਂ ਕਿ ਸਰਫੇਸ ਸੀਡਰ, ਸਮਾਰਟ ਸੀਡਰ, ਹੈਪੀ ਸੀਡਰ, ਸੁਪਰ ਸੀਡਰ ਅਤੇ ਜ਼ੀਰੋ ਟਿਲ ਡਰਿੱਲ, ਪਰਾਲੀ ਨੂੰ ਕੁਤਰਣ ਅਤੇ ਖਿਲਾਰਨ ਲਈ ਚੌਪਰ/ਮਲਚਰ ਮਸ਼ੀਨ, ਉਲਟਾਵੇਂ ਹਲ ਨਾਲ ਪਰਾਲੀ ਨੂੰ ਖੇਤ ਵਿੱਚ ਮਿਲਾਉਣ ਦੀ ਵਿਧੀ ਦੀ ਪ੍ਰਦਰਸ਼ਨੀ ਕਰਕੇ ਕਣਕ ਦੀ ਸਫ਼ਲਤਾਪੂਰਵਕ ਬਿਜਾਈ ਕੀਤੀ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਇੱਕ ਪਲਾਟ ਵਿੱਚ ਤੁਲਨਾ ਲਈ ਰਵਾਇਤੀ ਢੰਗ ਨਾਲ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ। ਇਹਨਾਂ ਮਸ਼ੀਨਾਂ ਨਾਲ ਬੀਜੀ ਕਣਕ ਉੱਤੇ ਅਸਲ-ਸਮੇਂ ਦੇ ਪ੍ਰਭਾਵ ਜਿਵੇਂ ਕਿ ਵੱਧ ਤਾਪਮਾਨ ਦੇ ਨੁਕਸਾਨਦੇਹ ਪ੍ਰਭਾਵ, ਖੇਤਾਂ ਦੀ ਸਤਿਹ ਦਾ ਤਾਪਮਾਨ, ਬੇਮੌਸਮੀ ਬਾਰਿਸ਼ ਆਦਿ ਦਾ ਮੁਲਾਂਕਣ ਕਰਨ ਵਿੱਚ ਵੀ ਮਦਦ ਮਿਲਦੀ ਹੈ।

**ਝੋਨੇ ਦੀ ਪਰਾਲੀ ਪ੍ਰਬੰਧਨ ਕਰਕੇ ਸਥਾਈ ਪ੍ਰਦਰਸ਼ਨੀ ਪਲਾਟ ਸਥਾਪਤ ਕਰਨ ਦੇ ਫਾਇਦੇ :**

★ ਕਿਸਾਨਾਂ ਨੂੰ ਰਵਾਇਤੀ ਤਰੀਕਿਆਂ ਦੇ ਮੁਕਾਬਲੇ, ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਖੇਤ ਦੀ ਸਤਿਹ ਤੇ ਮੱਲਚ ਦੀ ਤਰ੍ਹਾਂ ਰੱਖ ਕੇ ਇਸਦੀ ਸੰਭਾਲ ਕਰਨ ਸੰਬੰਧੀ ਜਾਗਰੂਕਤਾ ਪੈਦਾ ਕਰਨਾ, ਜਿਸ ਨਾਲ :

★ ਬਿਜਾਈ ਤੋਂ ਪਹਿਲਾਂ ਰੌਣੀ ਲਈ ਵਰਤਣ ਵਾਲੇ ਪਾਣੀ ਦੀ ਬੱਚਤ

★ ਖੇਤਾਂ ਵਿੱਚ ਨਦੀਨ ਦੀ ਘੱਟ ਸਮੱਸਿਆ

★ ਫ਼ਸਲ ਲਈ ਨਮੀ ਦੀ ਨਿਰੰਤਰ ਉਪਲੱਬਧਤਾ ਦਾ ਰਹਿਣਾ

★ ਵੱਧ ਤਾਪਮਾਨ ਦੇ ਨੁਕਸਾਨਦੇਹ ਪ੍ਰਭਾਵ ਤੋਂ ਕਣਕ ਦਾ ਬਚਾਅ

★ ਕਿਸਾਨਾਂ ਨੂੰ ਅਮਲੀ ਰੂਪ ਵਿੱਚ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਦੇ ਫਾਇਦੇ ਜਿਵੇਂ ਕਿ ਸਮੇਂ ਸਿਰ ਕਣਕ ਦੀ ਬਿਜਾਈ, ਆਰਥਿਕ ਬੱਚਤ, ਜ਼ਮੀਨ ਦੀ ਸਿਹਤ ਵਿੱਚ ਸੁਧਾਰ, ਆਦਿ ਤੋਂ ਜਾਣੂ ਕਰਵਾਉਣਾ।

★ ਕਿਸਾਨਾਂ ਨੂੰ ਵੱਖ-ਵੱਖ ਮਸ਼ੀਨਾਂ ਨਾਲ ਕਣਕ ਦੀ ਬਿਜਾਈ ਦੀ ਮਸ਼ੀਨਾਂ ਦੀ ਕਾਰਜਕੁਸ਼ਲਤਾ ਅਤੇ ਉਨ੍ਹਾਂ ਦੇ ਖੇਤ ਦੇ ਅਨੁਕੂਲ ਸਥਿਤੀਆਂ ਮੁਤਾਬਿਕ ਢੁਕਵੀਂ ਮਸ਼ੀਨ ਨਾਲ ਕਣਕ ਦੀ ਸਫ਼ਲਤਾਪੂਰਵਕ ਬਿਜਾਈ ਕਰਨ ਵਿੱਚ ਆਸਾਨੀ।

★ ਇਹਨਾਂ ਸਥਾਈ ਪ੍ਰਦਰਸ਼ਨੀ ਪਲਾਟਾਂ ਤੇ ਕੇ. ਵੀ. ਕੇ. ਕਿਸਾਨ ਸਾਇੰਸਦਾਨ ਗੋਸ਼ਟੀ ਦੇ ਆਯੋਜਨ ਦੌਰਾਨ, ਕਿਸਾਨਾਂ ਨੂੰ ਝੋਨੇ ਦੀ ਪਰਾਲੀ ਵਿੱਚ ਕਣਕ ਦੀ ਕਾਸ਼ਤ ਸਬੰਧੀ ਆਪਣੇ ਖਦਸ਼ਿਆਂ ਬਾਬਤ ਵਿਚਾਰ-ਚਰਚਾ ਕਰਨ ਵਿੱਚ ਸਹਾਇਤਾ ਮਿਲਦੀ ਹੈ ਅਤੇ ਖੇਤੀ ਮਸ਼ੀਨਰੀ ਦੇ ਨਿਰੰਤਰ ਸੁਧਾਰ ਲਈ ਕਿਸਾਨਾਂ ਦਾ ਵਿਚਾਰ ਵਟਾਂਦਰਾ ਹੁੰਦਾ ਹੈ।

★ ਕੇ. ਵੀ. ਕੇ. ਮਾਹਿਰਾਂ ਅਤੇ ਕਿਸਾਨਾਂ ਵਿਚਕਾਰ ਰਾਬਤਾ ਮਜ਼ਬੂਤ ਹੁੰਦਾ ਹੈ।



# ਹਾੜ੍ਹੀ ਦੀਆਂ ਫ਼ਸਲਾਂ ਲਈ ਕਿਹੜੀ ਖਾਦ ਹੈ ਲਾਹੇਵੰਦ!

**ਟੀਐੱਸਪੀ ਸਾਰੀਆਂ ਮਿੱਟੀ ਦੀਆਂ ਕਿਸਮਾਂ ਲਈ ਢੁੱਕਵਾਂ ਹੈ ਤੇ ਵੱਖ-ਵੱਖ ਫ਼ਸਲਾਂ ਤੇ ਸਬਜ਼ੀਆਂ ਲਈ ਆਧਾਰ ਜਾਂ ਮਿਸ਼ਰਤ ਖਾਦ ਵਜੋਂ ਵਿਆਪਕ ਤੌਰ 'ਤੇ ਵਰਤਿਆ ਜਾ ਸਕਦਾ ਹੈ। ਇਹ ਕਿਸਾਨਾਂ ਲਈ ਲਾਹੇਵੰਦ ਹੈ...**

ਡਾ. ਅਮਰੀਕ ਸਿੰਘ

ਪੰਜਾਬ ਵਿੱਚ ਹਾੜ੍ਹੀ ਸੀਜ਼ਨ ਦੌਰਾਨ ਤਕਰੀਬਨ 35 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਅਤੇ ਕਣਕ ਦੀ ਬਿਜਾਈ ਲਈ ਤਕਰੀਬਨ 44 ਲੱਖ ਕੁਇੰਟਲ ਫਾਸਫੈਟਿਕ ਖਾਦ ਦੀ ਜ਼ਰੂਰਤ ਹੈ। ਹਾੜ੍ਹੀ ਦੀਆਂ ਫ਼ਸਲਾਂ ਵਿੱਚ ਆਮ ਕਰਕੇ ਫਾਸਫੋਰਸ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਜੜ੍ਹਾਂ ਅਤੇ ਫ਼ਸਲ ਦੇ ਵਿਕਾਸ ਲਈ ਇੱਕ ਜ਼ਰੂਰੀ ਖ਼ੁਰਾਕੀ ਤੱਤ ਹੈ।

**ਡੀਏਪੀ ਖਾਦ**

ਫ਼ਸਲਾਂ ਦੀ ਜ਼ਰੂਰਤਾਂ ਨੂੰ ਪੂਰਿਆ ਕਰਨ ਲਈ ਕਿਸਾਨਾਂ ਵਲੋਂ ਫਾਸਫੋਰਸ ਖ਼ੁਰਾਕੀ ਤੱਤ ਦੀ ਪੂਰਤੀ ਆਮ ਕਰਕੇ ਡੀਏਪੀ ਖਾਦ ਤੋਂ ਕੀਤੀ ਜਾਂਦੀ ਹੈ ਜਿਸ ਵਿੱਚ 46% ਫਾਸਫੋਰਸ ਅਤੇ 18% ਨਾਈਟ੍ਰੋਜਨ ਮੌਜੂਦ ਹੁੰਦਾ ਹੈ। ਇਹ ਖਾਦ ਫ਼ਸਲ ਖ਼ਾਸ ਕਰਕੇ ਕਣਕ ਦੀਆਂ ਖ਼ੁਰਾਕੀ ਲੋੜਾਂ ਨੂੰ ਪੂਰਿਆ ਕਰਦੀ ਹੈ ਤਾਂ ਜੋ ਫ਼ਸਲ ਦੀਆਂ ਜੜ੍ਹਾਂ ਦਾ ਵਿਕਾਸ ਹੋ ਸਕੇ। ਡੀਏਪੀ ਦੀ ਉੱਚ ਘੁਲਣਸ਼ੀਲਤਾ ਅਤੇ ਦੋਹਰੇ-ਪੌਸ਼ਟਿਕ ਪ੍ਰੋਫਾਈਲ ਇਸ ਨੂੰ ਇੱਕ ਪ੍ਰਭਾਵਸ਼ਾਲੀ ਅਤੇ ਬਹੁਪੱਖੀ ਖਾਦ ਬਣਾਉਂਦੇ ਹਨ।

**ਵਿਦੇਸ਼ ਤੋਂ ਖਾਦ ਮੰਗਵਾਉਣਾ**

ਇਹ ਖਾਦ ਫ਼ਸਲ ਦੇ ਸ਼ੁਰੂਆਤੀ ਵਿਕਾਸ ਨੂੰ ਬਿਹਤਰ ਕਰਦੀ ਹੈ ਅਤੇ ਪੈਦਾਵਾਰ ਵਧਾਉਂਦੀ ਹੈ। ਇਹ ਖਾਦ ਫ਼ਸਲ ਨੂੰ ਨਾਈਟ੍ਰੋਜਨ ਅਤੇ ਫਾਸਫੋਰਸ ਦੀ ਸਪਲਾਈ ਨੂੰ ਯਕੀਨੀ ਬਣਾ ਕੇ, ਪੌਦੇ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਦਾ ਹੈ, ਜਿਸ ਨਾਲ ਬਿਹਤਰ ਗੁਣਵੱਤਾ ਭਰਪੂਰ ਵਧੇਰੇ ਪੈਦਾਵਾਰ ਮਿਲਦੀ ਹੈ। ਇਸ ਦੇ ਨਾਲ ਹੀ ਫਾਸਫੋਰਸ ਖਾਦ ਫ਼ਸਲ ਨੂੰ ਬਿਹਤਰ ਫੁੱਲ ਅਤੇ ਫ਼ਲ ਦੇਣ ਵਿੱਚ ਮਦਦ ਕਰਦੀ ਹੈ ਜਿਸ ਨਾਲ ਫ਼ਸਲ ਦੀ ਪੈਦਾਵਾਰ ਵਿੱਚ ਵਾਧਾ ਹੁੰਦਾ ਹੈ। ਡੀਏਪੀ ਖਾਦ ਬਹੁਤਾਤ ਵਿੱਚ ਬਾਹਰਲੇ ਦੇਸ਼ਾਂ ਤੋਂ ਭਾਰਤ ਸਰਕਾਰ ਵੱਲੋਂ ਮੰਗਵਾਈ ਜਾਂਦੀ ਹੈ ਜਿਸ ਨਾਲ ਇਹ ਖਾਦ ਕਾਫ਼ੀ ਮਹਿੰਗੀ ਪੈਂਦੀ ਹੈ।

> **ਹਰ ਕਿਸਮ ਦੀ ਮਿੱਟੀ ਲਈ ਢੁੱਕਵਾਂ ਟੀਐੱਸਪੀ ਖਾਦ**
>
> **ਟੀਐੱਸਪੀ ਖਾਦ ਹਰ ਕਿਸਮ ਦੀ ਮਿੱਟੀ ਲਈ ਢੁੱਕਵਾਂ ਹੈ। ਇਹ ਖਾਦ ਝੋਨਾ, ਕਣਕ, ਗੰਨਾ, ਮੱਕੀ, ਸਬਜ਼ੀਆਂ, ਕਪਾਹ, ਫ਼ਲਦਾਰ ਫ਼ਸਲਾਂ ਵਿੱਚ ਵਰਤੀ ਜਾ ਸਕਦੀ ਹੈ। ਫਾਸਫੋਰਸ ਖ਼ੁਰਾਕੀ ਤੱਤ ਵਾਲੀ ਖਾਦ ਜਿਵੇਂ ਫ਼ਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ ਜ਼ਰੂਰੀ ਹੈ, ਉੱਥੇ ਇਸ ਖਾਦ ਦੀ ਸੁਚੱਜੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਖਾਦ ਦੀ ਵਧੇਰੇ ਜਾਂ ਗਲਤ ਵਰਤੋਂ ਨਾਕਾਰਾਤਮਕ ਨਤੀਜੇ ਵੀ ਦੇ ਸਕਦੀ ਹੈ।**

**ਟੀਐੱਸਪੀ ਖਾਦ**

ਆਮ ਕਰਕੇ ਟੀਐੱਸਪੀ, ਜਾਂ ਟ੍ਰਿਪਲ ਸੁਪਰਫਾਸਫੇਟ, ਫਾਸਫੇਟ ਚੱਟਾਨ ਤੋਂ ਬਣੀ ਇੱਕ ਸੰਘਣੀ, ਤੇਜ਼ੀ ਨਾਲ ਕਿਰਿਆ ਕਰਨ ਵਾਲੀ ਫਾਸਫੋਰਸ ਖਾਦ ਹੈ। ਇਸ ਵਿੱਚ ਲਗਭਗ 46% ਪੀਓ ਫਾਸਫੋਰਸ ਹੁੰਦਾ ਹੈ ਅਤੇ ਇਸ ਨੂੰ ਫ਼ਸਲ ਅਤੇ ਜੜ੍ਹਾਂ ਦੇ ਮੁੱਢਲੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਵਰਤਿਆ ਜਾਂਦਾ ਹੈ ਪਰ ਇਹ ਸਮੁੱਚੇ ਪੌਦਿਆਂ ਦੇ ਵਿਕਾਸ, ਪ੍ਰਕਾਸ਼ ਸੰਸ਼ਲੇਸ਼ਣ ਅਤੇ ਪੌਸ਼ਟਿਕ ਤੱਤਾਂ ਦੇ ਸੋਖਣ ਲਈ ਬਹੁਤ ਜ਼ਰੂਰੀ ਹੈ। ਟੀਐੱਸਪੀ ਸਾਰੀਆਂ ਮਿੱਟੀ ਦੀਆਂ ਕਿਸਮਾਂ ਲਈ ਢੁੱਕਵਾਂ ਹੈ ਅਤੇ ਵੱਖ-ਵੱਖ ਫ਼ਸਲਾਂ ਅਤੇ ਸਬਜ਼ੀਆਂ ਲਈ ਇੱਕ ਆਧਾਰ ਜਾਂ ਮਿਸ਼ਰਤ ਖਾਦ ਵਜੋਂ ਵਿਆਪਕ ਤੌਰ 'ਤੇ ਵਰਤਿਆ ਜਾ ਸਕਦਾ ਹੈ।

**ਖਾਦ ਦੀ ਕੀਮਤ**

ਡੀਏਪੀ ਖਾਦ ਦੀ ਕੀਮਤ ਪ੍ਰਤੀ 50 ਕਿਲੋ ਬੋਰੀ 1350 ਰੁਪਏ ਜਦਕਿ ਟੀਐੱਸਪੀ ਖਾਦ ਦੀ ਕੀਮਤ 1300 ਪ੍ਰਤੀ ਬੋਰੀ ਹੈ। ਡੀਏਪੀ ਖਾਦ ਦੇ 50 ਕਿਲੋ ਬੈਗ ਦਾ ਅਸਲ ਮੁੱਲ 2739.95/- ਹੈ। ਭਾਰਤ ਸਰਕਾਰ ਵੱਲੋਂ 1389.95/- ਰੁਪਏ ਸਬਸਿਡੀ ਦੇ ਕੇ ਕਿਸਾਨਾਂ ਨੂੰ ਪ੍ਰਤੀ 50 ਕਿਲੋ 1350/- ਵਿੱਚ ਉਪਲੱਬਧ ਕਰਵਾਈ ਜਾਂਦੀ ਹੈ। ਜਦਕਿ ਟ੍ਰਿਪਲ ਸੁਪਰ ਫਾਸਫੇਟ ਸਰਕਾਰ ਵੱਲੋਂ ਡੀਏਪੀ ਦੇ ਬਹੁਤ ਸਾਰੇ ਬਦਲ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਟ੍ਰਿਪਲ ਸੁਪਰ ਫਾਸਫੇਟ ਅਜਿਹੀ ਖਾਦ ਹੈ ਜਿਸ ਵਿੱਚ ਫਾਸਫੋਰਸ ਖ਼ੁਰਾਕੀ ਤੱਤ 46% ਮੌਜੂਦ ਹੁੰਦੀ ਹੈ। ਟ੍ਰਿਪਲ ਸੁਪਰ ਫਾਸਫੇਟ ਖਾਦ ਦੇ 50 ਕਿਲੋ ਬੈਗ ਦਾ ਅਸਲ ਮੁੱਲ 2302 ਹੈ। ਭਾਰਤ ਸਰਕਾਰ ਵੱਲੋਂ 1002.80 ਰੁਪਏ ਸਬਸਿਡੀ ਦੇ ਕੇ ਕਿਸਾਨਾਂ ਨੂੰ ਪ੍ਰਤੀ 50 ਕਿਲੋ 1300/- ਵਿੱਚ ਉਪਲੱਬਧ ਕਰਵਾਈ ਜਾਂਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਿਸ਼ਾਂ ਤੋਂ ਕੀਤੀ ਜ਼ਿਆਦਾ ਵਰਤੋਂ ਮਿੱਟੀ ਵਿੱਚ ਪੌਸ਼ਟਿਕ ਤੱਤਾਂ ਦਾ ਅਸੰਤੁਲਨ ਪੈਦਾ ਕਰ ਸਕਦੀ ਹੈ, ਲਾਭਦਾਇਕ ਸੂਖ਼ਮ ਜੀਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਜ਼ਿੰਕ ਦੀ ਘਾਟ ਅਤੇ ਪੱਤਿਆਂ ਦੇ ਰੰਗ (ਕਲੋਰੋਸਿਸ) ਦਾ ਕਾਰਨ ਬਣ ਸਕਦੀ ਹੈ। ਉਪਰੋਕਤ ਹਾਲਾਤ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਕਣਕ ਦੀ ਫ਼ਸਲ ਦੀ ਬਿਜਾਈ ਸਮੇਂ ਟੀਐੱਸਪੀ ਖਾਦ ਦੀ ਵਰਤੋਂ ਡੀਏਪੀ ਖਾਦ ਬਦਲ ਵਜੋਂ ਨਿਰਸੰਕੋਚ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ।

> **ਕਦੋਂ ਤੇ ਕਿਸ ਤਰ੍ਹਾਂ ਵਰਤੀਏ?**
>
> **50 ਕਿਲੋ ਟੀਐੱਸਪੀ ਖਾਦ ਪ੍ਰਤੀ ਏਕੜ ਨੂੰ ਕਣਕ ਦੀ ਬਿਜਾਈ ਸਮੇਂ ਡੀਏਪੀ ਦੀ ਤਰ੍ਹਾਂ ਡਰਿੱਲ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਨਾਈਟ੍ਰੋਜਨ ਖ਼ੁਰਾਕੀ ਤੱਤ ਮੌਜੂਦ ਨਹੀਂ ਹੁੰਦਾ। ਇਸ ਲਈ ਕਣਕ ਦੀ ਫ਼ਸਲ ਨੂੰ ਬਿਜਾਈ ਸਮੇਂ 20 ਕਿਲੋ ਯੂਰੀਆ ਪ੍ਰਤੀ ਏਕੜ ਦਾ ਛੱਟਾ ਦੇਣਾ ਚਾਹੀਦਾ ਹੈ। ਟੀਐੱਸਪੀ ਪੌਦਿਆਂ ਨੂੰ ਆਸਾਨੀ ਨਾਲ ਉਪਲੱਬਧ ਫ਼ਾਸਫ਼ੋਰਸ ਦੀ ਸਪਲਾਈ ਕਰਦਾ ਹੈ, ਜੋ ਕਿ ਪੌਦਿਆਂ ਦੇ ਵਾਧੇ ਅਤੇ ਵਿਕਾਸ ਲਈ ਇੱਕ ਮਹੱਤਵਪੂਰਨ ਪੌਸ਼ਟਿਕ ਤੱਤ ਹੈ। ਫਾਸਫੋਰਸ ਪ੍ਰਕਾਸ਼ ਸੰਸ਼ਲੇਸ਼ਣ, ਊਰਜਾ ਟ੍ਰਾਂਸਫਰ, ਡੀਐਨਏ ਸੰਸ਼ਲੇਸ਼ਣ ਅਤੇ ਸੈੱਲ ਕੰਧਾਂ ਦੀ ਸਿਰਜਣਾ ਵਰਗੀਆਂ ਪ੍ਰਕਿਰਿਆਵਾਂ ਲਈ ਬਹੁਤ ਜ਼ਰੂਰੀ ਹੈ। ਟੀਐੱਸਪੀ ਖਾਦ ਵਿੱਚ ਫਾਸਫੋਰਸ ਦੀ ਮਾਤਰਾ ਲਗਪਗ 46% ਹੁੰਦੀ ਹੈ ਜੋ ਜਲਦੀ ਪਾਣੀ ਵਿੱਚ ਘੁਲਣਸ਼ੀਲ ਹੈ, ਜਿਸ ਨਾਲ ਇਹ ਪੌਦਿਆਂ ਵੱਲੋਂ ਆਸਾਨੀ ਨਾਲ ਜਜ਼ਬ ਕਰ ਲਿਆ ਜਾਂਦਾ ਹੈ।**



# ਪੌਲੀ/ਨੈੱਟ ਹਾਊਸ ਵਿੱਚ ਸਬਜ਼ੀਆਂ ਨੂੰ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਤੋਂ ਬਚਾਓ

**ਰਾਜਿੰਦਰ ਸਿੰਘ ਬੱਲ, ਅਮਰਜੀਤ ਸਿੰਘ ਅਤੇ ਰਵਿੰਦਰ ਸਿੰਘ ਚੰਦੀ,**
ਕਿਸਾਨ ਸਲਾਹ ਸੇਵਾ ਕੇਂਦਰ, ਗੁਰਦਾਸਪੁਰ (ਮੋ. 78883-56773)

ਖੁੱਲ੍ਹੇ ਵਿੱਚ ਸਬਜ਼ੀਆਂ ਦੀ ਕਾਸ਼ਤ ਕਰਨ ਨਾਲੋਂ ਨੈੱਟ ਹਾਊਸ ਜਾਂ ਪੌਲੀ ਹਾਊਸ ਨੂੰ ਤਰਜੀਹ ਦੇਣੀ ਚਾਹੀਦੀ ਹੈ ਜਿਸ ਨਾਲ ਅਸੀਂ ਸਬਜ਼ੀਆਂ ਦੀ ਬੇ-ਮੌਸਮੀ ਖੇਤੀ ਕਰਕੇ ਵੀ ਜ਼ਿਆਦਾ ਮੁਨਾਫ਼ਾ ਕਮਾ ਸਕਦੇ ਹਾਂ। ਇਸ ਤੋਂ ਇਲਾਵਾ ਨੈੱਟ ਹਾਊਸ ਜਾਂ ਪੌਲੀ ਹਾਊਸ ਵਿੱਚ ਸਬਜ਼ੀਆਂ ਦੀ ਕਾਸ਼ਤ ਬਿਮਾਰੀਆਂ ਜਾਂ ਕੀੜ੍ਹਿਆਂ ਤੋਂ ਬਚਾਉਣ ਵਿੱਚ ਵੀ ਸਹਾਈ ਹੁੰਦੀ ਹੈ। ਇਸ ਤਰ੍ਹਾਂ ਕਾਸ਼ਤ ਕਰਨ ਨਾਲ ਚੰਗੇ ਮਿਆਰ ਦੀ ਸਬਜ਼ੀ ਪੈਦਾ ਹੋ ਜਾਂਦੀ ਹੈ ਜਿਸ ਦਾ ਝਾੜ ਜ਼ਿਆਦਾ ਮਿਲਦਾ ਹੈ ਅਤੇ ਲੰਬੇ ਸਮੇਂ ਤੱਕ ਉਪਲੱਬਧਤਾ ਵੀ ਬਣੀ ਰਹਿੰਦੀ ਹੈ। ਛੋਟੇ ਕਿਸਾਨਾਂ ਲਈ



ਇਹ ਧੰਦਾ ਹੋਰ ਵੀ ਲਾਹੇਵੰਦ ਸਾਬਿਤ ਹੁੰਦਾ ਹੈ। ਪਰ ਪੌਲੀ/ਨੈੱਟ ਹਾਊਸ ਵਿੱਚ ਸਬਜ਼ੀਆਂ ਦੀ ਲਗਾਤਾਰ ਕਾਸ਼ਤ ਕਰਨ ਨਾਲ ਬਹੁਤ ਸਾਰੀਆਂ ਮੁਸ਼ਕਿਲਾਂ ਵੀ ਦਰਪੇਸ਼ ਆਉਂਦੀਆਂ ਹਨ। ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕੀੜ੍ਹੇ ਪੌਲੀ/ਨੈੱਟ ਹਾਊਸ ਵਿੱਚ ਉਗਾਈਆਂ ਜਾਣ ਵਾਲੀਆਂ ਸਬਜ਼ੀਆਂ ਜਿਵੇਂ ਕਿ ਟਮਾਟਰ, ਸ਼ਿਮਲਾ ਮਿਰਚ, ਬੈਂਗਣ, ਖੀਰਾ ਆਦਿ ਤੇ ਹਮਲਾ ਕਰਦੇ ਹਨ, ਜਿਸ ਨਾਲ ਫ਼ਸਲ ਦਾ ਝਾੜ ਘੱਟ ਜਾਂਦਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਉਖੇੜਾ, ਸੈਕਲੌਰੋਟੀਨੀਆ, ਫੁਜ਼ੇਰੀਅਮ, ਜੜ੍ਹ-ਗੰਢ ਨੀਮਾਟੋਡ ਆਦਿ ਮਿੱਟੀ ਵਿੱਚ ਪਲਦੀਆਂ ਰਹਿੰਦੀਆਂ ਹਨ। ਕਈ ਵਾਰ ਇਹ ਬਿਮਾਰੀਆਂ ਰੋਗੀ ਪਨੀਰੀ ਜਾਂ ਹਵਾ ਰਾਹੀਂ ਵੀ ਫੈਲ ਜਾਂਦੀਆਂ ਹਨ ਜਿਵੇਂ ਕਿ ਪੱਤਿਆਂ ਤੇ ਧੱਬਿਆਂ ਦਾ ਰੋਗ, ਝੁਲਸ ਰੋਗ ਅਤੇ ਵਿਸ਼ਾਣੂੰ ਰੋਗ ਆਦਿ। ਇਸੇ ਤਰ੍ਹਾਂ ਰਸ ਚੂਸਣ ਵਾਲੇ ਕੀੜੇ ਜਿਵੇਂ ਕਿ ਤੇਲਾ, ਚਿੱਟੀ ਮੱਖੀ ਆਦਿ ਵਿਸ਼ਾਣੂੰ ਰੋਗਾਂ ਨੂੰ ਫੈਲਾਉਣ ਦੇ ਨਾਲ-ਨਾਲ ਪੌਲੀ/ਨੈੱਟ ਹਾਊਸ ਵਿੱਚ ਸਬਜ਼ੀਆਂ ਦਾ ਸਿੱਧਾ ਨੁਕਸਾਨ ਵੀ ਕਰਦੇ ਹਨ। ਪੌਲੀ ਜਾਂ ਨੈੱਟ ਹਾਊਸ ਵਿੱਚ ਸਬਜ਼ੀਆਂ ਤੋਂ ਚੰਗਾ ਝਾੜ ਲੈਣ ਲਈ ਫ਼ਸਲ ਦੀ ਬਿਜਾਈ ਤੋਂ ਲੈ ਕੇ ਅਖੀਰ ਤੱਕ ਲਗਾਤਾਰ ਕਿਸਾਨ ਭਰਾਵਾਂ ਨੂੰ ਬਿਮਾਰੀਆਂ ਅਤੇ ਕੀੜਿਆਂ ਦੀ ਸਮੇਂ ਸਿਰ ਰੋਕਥਾਮ ਕਰਨ ਲਈ ਸੁਚੇਤ ਰਹਿਣਾ ਪਵੇਗਾ।

ਬਿਜਾਈ ਕਰਨ ਤੋਂ ਪਹਿਲਾਂ ਨੈੱਟ ਹਾਊਸ ਅਤੇ ਪੌਲੀ ਹਾਊਸ ਦੀ ਮਿੱਟੀ ਨੂੰ ਰੋਗ ਰਹਿਤ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਉਖੇੜਾ, ਸੈਕਲੈਰੋਟੀਨੀਆ, ਫੁਜ਼ੇਰੀਅਮ ਆਦਿ ਮਿੱਟੀ ਰਾਹੀਂ ਪੈਦਾ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਕਣ ਅਨੁਕੂਲ ਮੌਸਮ ਦੌਰਾਨ ਹੌਲੀ-ਹੌਲੀ ਮਿੱਟੀ ਵਿੱਚ ਹੀ ਵੱਧਦੇ ਰਹਿੰਦੇ ਹਨ। ਇਹ ਉੱਲੀ ਰੋਗ ਬਾਅਦ ਵਿੱਚ ਫ਼ਸਲ ਦਾ ਬਹੁਤ ਨੁਕਸਾਨ ਕਰਦੇ ਹਨ। ਇਸ ਲਈ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਸਬਜ਼ੀ ਦੀ ਬਿਜਾਈ ਕਰਨ ਤੋਂ ਪਹਿਲਾਂ ਹੀ ਨੈੱਟ/ਪੌਲੀ ਹਾਊਸ ਦੀ ਮਿੱਟੀ ਨੂੰ ਬਿਮਾਰੀ ਤੋਂ ਰਹਿਤ ਕਰਨਾ ਬਹੁਤ ਜ਼ਰੂਰੀ ਹੈ। ਇਹ ਕੰਮ ਕਰਨ ਲਈ ਸੂਰਜ ਦੇ ਸੇਕ ਦੀ ਵਰਤੋਂ ਬੜੀ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਵਿਧੀ ਨੂੰ ਸਾਇਲ ਸੋਲਰਾਈਜੇਸ਼ਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਮਈ-ਜੂਨ ਦੇ ਮਹੀਨਿਆਂ ਦੌਰਾਨ ਕਰਨੀ ਚਾਹੀਦੀ ਹੈ। ਪਹਿਲਾਂ ਪੌਲੀ/ਨੈੱਟ ਹਾਊਸ ਦੀ ਮਿੱਟੀ ਵਿੱਚ ਗਲੀ-ਸੜੀ ਰੂੜੀ ਪਾ ਕੇ ਚੰਗੀ ਤਰ੍ਹਾਂ ਵਾਹ ਕੇ ਪੱਧਰੀ ਕਰ ਦਿਉ ਅਤੇ ਭਰਵਾਂ ਪਾਣੀ ਲਗਾ ਦਿਉ। ਫਿਰ 24 ਘੰਟਿਆਂ ਬਾਅਦ ਜ਼ਮੀਨ ਨੂੰ 50 ਮਾਈਕ੍ਰੋਨ ਭਾਵ 200 ਗੇਜ਼ ਦੀ ਸਾਫ ਪਾਰਦਰਸ਼ੀ ਪੌਲੀਸੀਟ ਨਾਲ ਢੱਕ ਦਿਉ। ਇਸ ਤੋਂ ਬਾਅਦ ਨੈੱਟ ਹਾਊਸ ਦੇ ਸਾਰੇ ਢਾਂਚੇ ਨੂੰ ਬਾਹਰਲੇ ਪਾਸਿਆਂ ਤੋਂ 50 ਮਾਈਕ੍ਰੋਨ ਦੀ ਸਾਫ਼ ਪਾਰਦਰਸ਼ੀ ਪੌਲੀਸ਼ੀਟ ਨਾਲ ਢੱਕ ਦਿਉ। ਜੇਕਰ ਪੌਲੀਹਾਊਸ ਹੈ ਤਾਂ ਉਸ ਦੇ ਸਾਰੇ ਰੌਸ਼ਨਦਾਰ ਚੰਗੀ ਤਰ੍ਹਾਂ ਬੰਦ ਕਰ ਦਿਉ। ਨੈੱਟ/ਪੌਲੀਹਾਊਸ ਦੇ ਪੂਰੇ ਢਾਂਚੇ ਨੂੰ ਇੱਕ ਮਹੀਨਾ ਬੰਦ ਰੱਖੋ। ਇਸ ਤਰ੍ਹਾਂ ਸੂਰਜ ਦੇ ਸੇਕ ਦੀ ਵਰਤੋਂ ਨਾਲ ਨੈੱਟ/ਪੌਲੀਹਾਊਸ ਵਿੱਚ ਮਿੱਟੀ ਰਾਹੀਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪਨੀਰੀ ਤਿਆਰ ਕਰਨ ਵਾਲੀ ਜਗ੍ਹਾ ਨੂੰ ਵੀ ਮਈ ਜਾਂ ਜੂਨ ਮਹੀਨੇ ਦੌਰਾਨ ਭਰਵਾਂ ਪਾਣੀ ਲਾ ਕੇ 50 ਮਾਈਕ੍ਰੋਨ ਦੀ ਪਲਾਸਟਿਕ ਸ਼ੀਟ ਨਾਲ ਢੱਕ ਕੇ 40 ਦਿਨਾਂ ਵਾਸਤੇ ਧੁੱਪ ਲਵਾਓ।

ਜੜ੍ਹ-ਗੰਢ ਨੀਮਾਟੋਡ ਪੌਲੀ / ਨੈੱਟ ਹਾਊਸ ਵਿੱਚ ਅਕਸਰ ਸਬਜ਼ੀਆਂ ਦਾ ਕਾਫ਼ੀ ਨੁਕਸਾਨ ਕਰਦਾ ਹੈ। ਇਸ ਤੇ ਕਾਬੂ ਪਾਉਣ ਲਈ ਬਿਜਾਈ ਤੋਂ ਪਹਿਲਾਂ ਮਿੱਟੀ ਨੂੰ ਨੀਮਾਟੋਡ ਤੋਂ ਰਹਿਤ ਕਰਨਾ ਜ਼ਰੂਰੀ ਹੁੰਦਾ ਹੈ। ਸੂਰਜ ਦੇ ਸੇਕ ਵਾਲੀ ਵਿਧੀ ਨੈੱਟ ਹਾਊਸ ਜਾਂ ਪੌਲੀ ਹਾਊਸ ਦੀ ਮਿੱਟੀ ਨੀਮਾਟੋਡ ਰਹਿਤ ਕਰਨ ਲਈ ਬਹੁਤ ਕਾਰਗਰ ਹੈ। ਇਸ ਤੋਂ ਇਲਾਵਾ ਹਰੀ ਖਾਦ ਦੀ ਵਰਤੋਂ ਨਾਲ ਮਿੱਟੀ ਵਿੱਚੋਂ ਜੜ੍ਹ-ਗੰਢ ਨੀਮਾਟੋਡ ਦਾ ਕਾਫੀ ਹੱਦ ਤੱਕ ਖ਼ਾਤਮਾ ਕੀਤਾ ਜਾ ਸਕਦਾ ਹੈ। ਨੈੱਟ ਹਾਊਸ ਜਾਂ ਪੌਲੀ ਹਾਊਸ ਵਿੱਚ ਸਣ ਦੀ 50 ਦਿਨਾਂ ਦੀ ਜਾਂ ਗੇਂਦੇ ਦੀ 60 ਦਿਨਾਂ ਦੀ ਫ਼ਸਲ ਨੂੰ ਵਾਹੁਣ ਨਾਲ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਪਰ ਖ਼ਿਆਲ ਰਹੇ ਕਿ ਢੈਂਚੇ ਨੂੰ ਇਨ੍ਹਾਂ ਖੇਤਾਂ ਵਿੱਚ ਹਰੀ ਖਾਦ ਦੇ ਤੌਰ ਤੇ ਨਾ ਵਰਤਿਆ ਜਾਵੇ। ਜੜ੍ਹ-ਗੰਢ ਵਾਲੇ ਪੌਲੀ/ਨੈੱਟ ਹਾਊਸ ਵਿੱਚ ਖੀਰੇ ਦੀ ਫ਼ਸਲ ਬੀਜਣ ਤੋਂ ਦਸ ਦਿਨ ਪਹਿਲਾਂ ਸਰ੍ਹੋਂ ਅਤੇ ਨਿੰਮ ਦੀ ਖਲ (1+1 ਟਨ) ਨੂੰ ਰੂੜੀ ਦੀ ਖਾਦ (2.5 ਟਨ) ਵਿੱਚ ਮਿਲਾ ਕੇ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਪਾ ਕੇ ਜ਼ਮੀਨ ਨੂੰ ਹਲਕਾ ਪਾਣੀ ਲਗਾਓ। ਜੜ੍ਹ-ਗੰਢ ਵਾਲੇ ਪੌਲੀ/ਨੈੱਟ ਹਾਊਸ ਵਿੱਚ ਟਮਾਟਰ ਦੀ ਫ਼ਸਲ ਲਗਾਉਣ ਸਮੇਂ 1 ਮਿ.ਲਿ. ਵੇਲਮ ਪ੍ਰਾਈਮ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ 10 ਵਰਗ ਮੀਟਰ ਦੇ ਹਿਸਾਬ ਨਾਲ ਗੜੁੱਚ ਕਰੋ। ਬਿਜਾਈ ਕਰਨ ਵੇਲੇ ਕੁੱਝ ਗੱਲਾਂ ਵੱਲ ਧਿਆਨ ਜ਼ਰੂਰ ਦੇਣਾ ਚਾਹੀਦਾ ਹੈ। ਕਈ ਬਿਮਾਰੀਆਂ ਦੀ ਸ਼ੁਰੂਆਤ ਰੋਗੀ ਬੀਜ ਤੋਂ ਹੁੰਦੀ ਹੈ ਅਤੇ ਬਿਮਾਰੀ ਦੇ ਕਣ ਰੋਗੀ ਪਨੀਰੀ ਰਾਹੀਂ ਪੌਲੀ/ਨੈੱਟ ਹਾਊਸ ਵਿੱਚ ਫੈਲ ਜਾਂਦੇ ਹਨ। ਇਸ ਲਈ ਰੋਗ ਰਹਿਤ ਪਨੀਰੀ ਤਿਆਰ ਕਰਨ ਸਮੇਂ ਹਮੇਸ਼ਾ ਚੰਗਾ ਮਿਆਰੀ ਬੀਜ ਹੀ ਵਰਤੋਂ। ਬਿਜਾਈ ਕਰਨ ਲੱਗਿਆਂ ਬੀਜ ਨੂੰ ਸਿਫ਼ਾਰਿਸ਼ਾਂ ਮੁਤਾਬਿਕ ਸੋਧ ਕੇ ਹੀ ਬੀਜੋ। ਬਿਜਾਈ ਹਮੇਸ਼ਾ ਸਹੀ ਸਮੇਂ ਅਤੇ ਬੈੱਡਾਂ ਉੱਪਰ ਹੀ ਕਰੋ। ਕਦੇ ਵੀ ਪੌਲੀ/ਨੈੱਟ ਹਾਊਸ ਦੀਆਂ ਕੰਧਾਂ ਦੇ ਬਿਲਕੁਲ ਲਾਗੇ ਬੂਟੇ ਨਾ ਲਗਾਉ। ਬੂਟਿਆਂ ਅਤੇ ਕਤਾਰਾਂ ਵਿਚਕਾਰ ਫ਼ਾਸਲਾ ਸਿਫ਼ਾਰਿਸ਼ਾਂ ਮੁਤਾਬਿਕ ਹੀ ਰੱਖੋ। ਮਸ਼ੀਨਰੀ ਅਤੇ ਖੇਤੀ ਸੰਦਾਂ ਨੂੰ ਬਾਹਰਲੇ ਖੇਤਾਂ ਦੀ ਮਿੱਟੀ ਤੋਂ ਸਾਫ ਕਰਕੇ ਹੀ ਪੌਲੀ/ਨੈੱਟ ਹਾਊਸ ਦੇ ਅੰਦਰ ਲੈ ਕੇ ਜਾਵੋ ਤਾਂ ਕਿ ਬਿਮਾਰੀ ਵਾਲੇ ਖੇਤਾਂ ਵਿੱਚੋਂ ਉੱਲੀ ਦੇ ਕਣਾਂ ਨੂੰ ਅੰਦਰ ਜਾਣ ਤੋਂ ਰੋਕਿਆ



ਜਾ ਸਕੇ।

ਫ਼ਸਲ ਲੈਣ ਦੇ ਸਮੇਂ ਦੌਰਾਨ ਵੀ ਕਿਸਾਨ ਭਰਾਵਾਂ ਨੂੰ ਚੁਕੰਨੇ ਰਹਿਣਾ ਚਾਹੀਦਾ ਹੈ। ਪੌਲੀ/ਨੈੱਟ ਹਾਊਸ ਨੂੰ ਪੂਰਾ ਪੌਲੀਸ਼ੀਟ ਨਾਲ ਢੱਕਿਆ ਹੋਇਆ ਦੂਹਰਾ ਦਰਵਾਜ਼ਾ ਲਗਾਓ ਅਤੇ ਅੰਦਰ ਜਾਣ ਲੱਗਿਆਂ ਦਰਵਾਜ਼ੇ ਨੂੰ ਬੰਦ ਕਰਨਾ ਕਦੇ ਨਾ ਭੁੱਲੋ। ਦਰਵਾਜ਼ੇ ਦੇ ਲਾਗੇ ਅੰਦਰਲੇ ਪਾਸੇ ਲਾਲ ਦਵਾਈ (ਪੋਟਾਸ਼ੀਅਮ ਪਰਮੈਂਗਨੇਟ) ਦਾ ਘੋਲ ਬਣਾ ਕੇ ਰੱਖੋ ਅਤੇ ਅੰਦਰ ਜਾਣ ਲੱਗਿਆਂ ਜੁੱਤੀਆਂ ਥੱਲਿਉਂ ਗਿੱਲੀਆਂ ਕਰਕੇ ਹੀ ਅੰਦਰ ਜਾਵੋ। ਪੌਲੀਸ਼ੀਟ ਨੂੰ ਬਾਹਰ ਤੋਂ ਚੰਗੀ ਤਰ੍ਹਾਂ ਜ਼ਮੀਨ ਵਿੱਚ ਦਬਾ ਕੇ ਰੱਖੋ। ਕਈ ਬਿਮਾਰੀਆਂ ਖ਼ਾਸ ਕਰਕੇ ਵਿਸ਼ਾਣੂੰ ਰੋਗ ਅਤੇ ਕੀੜੇ ਨਦੀਨਾਂ ਉੱਤੇ ਪੱਲਦੇ ਰਹਿੰਦੇ ਹਨ। ਇਸ ਲਈ ਪੌਲੀ/ਨੈੱਟ ਹਾਊਸ ਦੇ ਅੰਦਰ ਅਤੇ ਆਲੇ-ਦੁਆਲੇ ਤੋਂ ਨਦੀਨਾਂ ਨੂੰ ਸਾਫ਼ ਰੱਖਣਾ ਚਾਹੀਦਾ ਹੈ। ਬਿਮਾਰੀਆਂ ਤੋਂ ਬਚਾਅ ਲਈ ਪੌਲੀ/ਨੈੱਟ ਹਾਊਸ ਦੇ ਅੰਦਰ ਸੂਰਜ ਦੀ ਰੌਸ਼ਨੀ, ਹਵਾ ਅਤੇ ਹੁੰਮਸ ਨੂੰ ਠੀਕ ਰੱਖਣ ਲਈ ਬੂਟਿਆਂ ਦੀ ਸਹੀ ਗਿਣਤੀ ਲਾਉਣੀ ਚਾਹੀਦੀ ਹੈ ਅਤੇ ਸਮੇਂ ਸਿਰ ਟਾਹਣੀਆਂ ਦੀ ਕਾਂਟ-ਛਾਂਟ ਕਰਦੇ ਰਹਿਣਾ ਚਾਹੀਦਾ ਹੈ।

ਸਿੰਚਾਈ ਵਾਸਤੇ ਤੁਪਕਾ ਪ੍ਰਣਾਲੀ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਨਾਲ ਇੱਕ ਤਾਂ ਪਾਣੀ ਦੀ ਬੱਚਤ ਹੋਵੇਗੀ ਅਤੇ ਜ਼ਿਆਦਾ ਪਾਣੀ ਲੱਗਣ ਨਾਲ ਨਮੀ ਦੇ ਵਧਣ ਦਾ ਵੀ ਕੋਈ ਡਰ ਨਹੀਂ ਰਹੇਗਾ। ਪਰ ਜੇਕਰ ਖਾਲੀਆਂ ਰਾਹੀਂ ਸਿੰਚਾਈ ਕਰਨੀ ਹੋਵੇ ਤਾਂ ਅੰਡਰ ਗਰਾਊਂਡ ਪਾਈਪਾਂ ਦੀ ਵਰਤੋਂ ਕਰੋ। ਪੌਲੀ/ਨੈੱਟ ਹਾਊਸ ਦੀ ਤੋੜ-ਭੰਨ ਦਾ ਖ਼ਾਸ ਖਿਆਲ ਰੱਖੋ। ਦਰਵਾਜ਼ੇ ਅਤੇ ਕੰਧਾਂ ਵਿੱਚ ਹੋਈਆਂ ਮੋਰੀਆਂ ਨੂੰ ਚੰਗੀ ਤਰ੍ਹਾਂ ਬੰਦ ਕਰਕੇ ਰੱਖੋ ਤਾਂ ਜੋ ਕੋਈ ਕੀੜਾ ਬਾਹਰੋਂ ਅੰਦਰ ਨਾ ਆ ਜਾਵੇ। ਰੋਸ਼ਨਦਾਨਾਂ ਰਾਹੀਂ ਕੀੜਿਆਂ ਨੂੰ ਅੰਦਰ ਜਾਣ ਤੋਂ ਰੋਕਣ ਲਈ 40 ਮੈਸ਼ ਸਾਈਜ਼ ਦੀ ਜਾਲੀ ਲਗਾਉ।

ਬੈਂਗਣਾਂ ਦੀਆਂ ਲਗਰਾਂ ਅਤੇ ਫ਼ਸਲਾਂ ਵਿੱਚ ਮੋਰੀ ਕਰਨ ਵਾਲੀ ਸੁੰਡੀ, ਤੰਬਾਕੂ ਸੁੰਡੀ, ਹੱਡਾ ਭੂੰਡੀ ਅਤੇ ਪੱਤਿਆਂ ਦੇ ਸੁਰੰਗੀ ਕੀੜੇ ਦੇ ਹਮਲੇ ਵਾਲੇ ਪੱਤੇ, ਲਗਰਾਂ ਜਾਂ ਕਾਣੇ ਫਲ ਤੋੜ ਕੇ ਦੱਬ ਦਿਓ। ਤੰਬਾਕੂ ਦੀ ਸੁੰਡੀ ਦੇ ਆਂਡੇ ਅਤੇ ਸੁੰਡੀਆਂ ਨੂੰ ਹੱਥਾਂ ਨਾਲ ਨਸ਼ਟ ਕਰ ਦਿਓ। ਚਿੱਟੀ ਮੱਖੀ ਦੀ ਰੋਕਥਾਮ ਲਈ ਹਮਲਾ ਹੋਣ ਤੇ ਇੱਕ ਤੋਂ ਦੋ ਛਿੜਕਾਅ 12 ਮਿ.ਲਿ. ਪੀ ਏ ਯੂ ਨਿੰਮ ਦਾ ਘੋਲ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਸ਼ਿਮਲਾ ਮਿਰਚ ਵਿੱਚ ਮਾਈਟ ਦੀ ਰੋਕਥਾਮ ਲਈ 5% ਘਰ ਦਾ ਬਣਿਆ ਨਿੰਮੋਲੀਆਂ ਦਾ ਘੋਲ (100 ਲਿਟਰ ਪਾਣੀ ਵਿੱਚ 5 ਕਿੱਲੋ ਨਿੰਮੋਲੀਆਂ) ਜਾਂ 200 ਮਿ.ਲਿ. ਓਮਾਈਟ 57 ਈ ਸੀ (ਪ੍ਰੋਪਰਜਾਈਟ) ਜਾਂ 100 ਮਿ.ਲਿ. ਓਬਰੋਨ 22.9 ਐਸ.ਸੀ. (ਸਪਾਈਰੋਮੈਸੀਫਿਨ) ਪ੍ਰਤੀ ਏਕੜ ਦਾ ਛਿੜਕਾਅ ਕਰੋ।

ਕੀੜਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਕਿਉਂਕਿ ਕਈ ਕੀੜਿਆਂ ਦੇ ਆਂਡੇ ਪੱਤਿਆਂ ਤੇ ਸਾਫ਼ ਵੇਖੇ ਜਾ ਸਕਦੇ ਹਨ। ਅਜਿਹੇ ਪੱਤੇ ਜਾਂ ਹੇਠ ਡਿੱਗੇਹੋਏ ਰੋਗੀ ਪੱਤੇ, ਟਾਹਣੀਆਂ ਅਤੇ ਗਲੇ-ਸੜੇ ਫਲਾਂ ਨੂੰ ਸਮੇਂ-ਸਮੇਂ ਤੇ ਬਾਹਰ ਕੱਢ ਕੇ ਨਸ਼ਟ ਕਰਦੇ ਰਹਿਣਾ ਚਾਹੀਦਾ ਹੈ। ਉੱਲੀਨਾਸ਼ਕਾਂ ਜਾਂ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਲਈ ਸਹੀ ਮਾਤਰਾ ਅਤੇ ਸਹੀ ਨੋਜ਼ਲ ਹੀ ਵਰਤੋਂ। ਕਤਾਰ ਵਿੱਚ ਲੱਗੇ ਬੂਟਿਆਂ ਉੱਪਰ ਦੋਨੋਂ ਪਾਸਿਆਂ ਤੋਂ ਛਿੜਕਾਅ ਕਰੋ ਅਤੇ ਛਿੜਕਾਅ ਕਰਨ ਵਾਲੀ ਲਾਂਸ ਨੂੰ ਬੂਟਿਆਂ ਦੇ ਉੱਪਰ ਤੋਂ ਥੱਲੇ ਦੋਨਾਂ ਪਾਸਿਆਂ ਵੱਲ ਨੂੰ ਹਿਲਾਉਂਦੇ ਹੋਏ ਛਿੜਕਾਅ ਕਰੋ। ਫ਼ਸਲ ਲੈਣ ਤੋਂ ਬਾਅਦ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨਸ਼ਟ ਕਰ ਦਿਓ ਤਾਂ ਕਿ ਬਿਮਾਰੀਆਂ ਦਾ ਵਾਧਾ ਰੋਕਿਆ ਜਾ ਸਕੇ। ਜੇਕਰ ਬਿਮਾਰੀ ਦਾ ਹਮਲਾ ਬਹੁਤ ਜ਼ਿਆਦਾ ਹੋਵੇ ਤਾਂ ਪੌਲੀ/ਨੈੱਟ ਹਾਊਸ ਦੀ ਜਗ੍ਹਾ ਹੀ ਬਦਲ ਦੇਣੀ ਚਾਹੀਦੀ ਹੈ। ਪੌਲੀ/ਨੈੱਟ ਹਾਊਸ ਦੀ ਮੁਰੰਮਤ ਦਾ ਪੂਰਾ ਖਿਆਲ ਰੱਖੋ ਤਾਂ ਕਿ ਉਸ ਨੂੰ ਚੰਗੀ ਤਰ੍ਹਾਂ ਬੰਦ ਰੱਖਿਆ ਜਾ ਸਕੇ। ਇਸ ਤੋਂ ਇਲਾਵਾ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਵੀ ਬਹੁਤ ਸਾਰੀਆਂ ਬਿਮਾਰੀਆਂ ਦੇ ਵਾਧੇ ਦਾ ਕਾਰਨ ਬਣਦੀ ਹੈ। ਉੱਲੀ ਦੇ ਕਣ ਰੋਗੀ ਬੂਟਿਆਂ ਦੀ ਰਹਿੰਦ-ਖੂੰਹਦ ਵਿੱਚ ਬਚੇ ਰਹਿੰਦੇ ਹਨ, ਜਿੱਥੇ ਇਹ ਮਿੱਟੀ ਵਿੱਚ ਚਲੇ ਜਾਂਦੇ ਹਨ। ਇਸ ਲਈ ਬਿਜਾਈ ਸ਼ੁਰੂ ਕਰਨ ਤੋਂ ਪਹਿਲਾਂ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਪੌਲੀ/ਨੈੱਟ ਵਿੱਚੋਂ ਬਾਹਰ ਕੱਢ ਕੇ ਨਸ਼ਟ ਕਰ ਦਿਓ।

***



# ਪਰਾਲੀ ਸਾੜਨਾ ਕਿਸਾਨਾਂ ਦਾ ਸ਼ੌਕ ਨਹੀਂ

**ਇਕਬਾਲ ਸਿੰਘ ਲਾਲਪੁਰਾ,**
ਸਾਬਕਾ ਚੇਅਰਮੈਨ, ਕੌਮੀ ਘੱਟ ਗਿਣਤੀਆਂ ਕਮਿਸ਼ਨ,
ਭਾਰਤ ਸਰਕਾਰ (ਮੋਬਾਇਲ : 97800-03333)

ਪਰਾਲੀ ਸਾੜਨ ਦੇ ਮੁੱਦੇ ਨੂੰ ਲੈ ਕੇ ਹਰ ਸਾਲ ਪੰਜਾਬ ਦੇ ਕਿਸਾਨਾਂ ਨੂੰ ਅਪਰਾਧੀਆਂ ਵਾਂਗ ਪੇਸ਼ ਕੀਤਾ ਜਾਂਦਾ ਹੈ। ਕਿਸਾਨਾਂ ਵਿਰੁੱਧ ਦਰਜ ਕੀਤੇ ਮੁਕੱਦਮਿਆਂ ਬਾਰੇ ਵੇਰਵੇ ਰੋਜ਼ਾਨਾ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ ਤੇ ਇਸ ਨੂੰ ਸਰਕਾਰੀ ਤੰਤਰ ਦੀ ਵੱਡੀ ਕਾਰਵਾਈ ਵਜੋਂ ਪੇਸ਼ ਕੀਤਾ ਜਾਂਦਾ ਹੈ। ਪ੍ਰਦੂਸ਼ਣ ਇੱਕ ਸਮੱਸਿਆ ਹੈ, ਜੋ ਇਨਸਾਨੀ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਕੀ ਕਿਸਾਨ ਇਨਸਾਨ ਨਹੀਂ ਜਾਂ ਪ੍ਰਦੂਸ਼ਣ ਤੋਂ ਪ੍ਰਭਾਵਿਤ ਨਹੀਂ ਹੁੰਦੇ। ਫਿਰ ਇਸ ਬਿਮਾਰੀ ਦੇ ਕਾਰਨ ਤੇ ਇਲਾਜ ਬਾਰੇ ਸੋਚਣਾ ਚਾਹੀਦਾ ਹੈ। ਪਰ ਸੱਚ ਇਹ ਵੀ ਹੈ ਕਿ ਕਿਸਾਨ ਨਾ ਤਾਂ ਖੇਤ ਨੂੰ ਅੱਗ ਲਾਉਣ ਤੋਂ ਖੁਸ਼ ਹਨ, ਨਾ ਹੀ ਉਨ੍ਹਾਂ ਨੂੰ ਇਸ ਦਾ ਕੋਈ ਸ਼ੌਕ ਹੈ, ਪਰ ਇਹ ਉਨ੍ਹਾਂ ਦੀ ਮਜ਼ਬੂਰੀ ਹੋ ਸਕਦੀ ਹੈ। ਦੁਨੀਆਂ ਭਰ ਵਿੱਚ ਝੋਨੇ ਦੀ ਖੇਤੀ ਹੁੰਦੀ ਹੈ ਪਰ ਪ੍ਰਦੂਸ਼ਣ ਦੀ ਸਮੱਸਿਆ ਉੱਥੇ ਨਹੀਂ ਹੈ, ਪਰ ਭਾਰਤ ਵਿੱਚ ਇਹ ਜਨਤਾ, ਵਿਧਾਨਕਾਰਾਂ, ਅਫ਼ਸਰਸ਼ਾਹਾਂ ਅਤੇ ਅਦਾਲਤਾਂ ਲਈ ਇੱਕ ਚੁਣੌਤੀ ਬਣਿਆ ਹੋਇਆ ਹੈ।

ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ, ਇਹ ਧਰਤੀ ਕੋਧਰਾ, ਬਾਜਰਾ, ਮੱਕੀ, ਕਪਾਹ, ਗੰਨਾ ਤੇ ਹੋਰ ਸਾਉਣੀ ਦੀਆਂ ਫ਼ਸਲਾਂ ਲਈ ਜਾਣੀ ਜਾਂਦੀ ਸੀ। ਪੰਜਾਬ ਦੇ ਲੋਕ ਮੂਲ ਰੂਪ ਵਿੱਚ ਕਣਕ ਤੇ ਮੱਕੀ ਦੇ ਆਟੇ ਦੀ ਰੋਟੀ ਖਾਣ ਵਾਲੇ ਸਨ। ਚੌਲ ਖ਼ਾਸ ਕਰਕੇ ਬਾਸਮਤੀ ਸਿਰਫ਼ ਵਿਸ਼ੇਸ਼ ਸਮਾਗਮ ਜਾਂ ਪ੍ਰਾਹੁਣਾਚਾਰੀ ਦੇ ਮੌਕਿਆਂ ’ਤੇ ਬਣਾਏ ਜਾਂਦੇ ਸਨ, ਜਦਕਿ ਮੋਟੇ ਝੋਨੇ ਦਾ ਚੌਲ ਅੱਜ ਵੀ ਬਹੁਤੇ ਘਰਾਂ ਵਿੱਚ ਨਹੀਂ ਪੱਕਦਾ। ਫਿਰ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਪੰਜਾਬ ਵਿੱਚ ਝੋਨਾ ਵੱਡੀ ਮਾਤਰਾ ਵਿੱਚ ਕਿਉਂ ਬੀਜਿਆ ਜਾਂਦਾ ਹੈ।

ਸੱਚ ਤਾਂ ਇਹ ਹੈ ਕਿ ਸਾਲ 1965-66 ਵਿੱਚ ਜਦੋਂ ਭਾਰਤ ਅਨਾਜ ਦੀ ਘਾਟ ਦਾ ਸ਼ਿਕਾਰ ਸੀ ਤਾਂ ਕੇਂਦਰ ਸਰਕਾਰ ਨੇ ਹਰੀ ਕ੍ਰਾਂਤੀ ਪ੍ਰੋਗਰਾਮ ਤਹਿਤ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਨੂੰ ਚੌਲ ਤੇ ਕਣਕ ਦੀ ਉੱਚ ਪੈਦਾਵਾਰ ਵਾਲੀਆਂ ਕਿਸਮਾਂ ਬੀਜਣ ਲਈ ਉਤਸ਼ਾਹਿਤ ਕੀਤਾ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀ ਭੁੱਖ ਮਿਟਾਉਣ ਲਈ ਆਪਣੀ ਮਿੱਟੀ, ਪਾਣੀ ਤੇ ਪਸੀਨਾ ਦਾਨ ਕਰ ਦਿੱਤਾ। ਸਰਕਾਰ ਵੱਲੋਂ ਵੀ ਘੱਟੋ-ਘੱਟ ਸਮਰਥਨ ਮੁੱਲ (ਐਮ.ਐੱਸ.ਪੀ.) ਅਤੇ ਕਈ ਵਾਰ ਬੋਨਸ਼ ਦੇ ਕੇ ਝੋਨੇ ਦੀ ਖ਼ਰੀਦ ਨੂੰ ਯਕੀਨੀ ਬਣਾਇਆ ਗਿਆ। ਕਿਸਾਨਾਂ ਨੇ ਉਹੀ ਬੀਜਿਆ ਜੋ ਸਰਕਾਰ ਨੇ ਚਾਹਿਆ। ਅੱਜ ਸਥਿਤੀ ਬਦਲ ਚੁੱਕੀ ਹੈ, ਦੇਸ਼ ਦਾ ਅੰਨ ਭੰਡਾਰ ਭਰ ਚੁੱਕਾ ਹੈ, ਹਰ ਸੂਬੇ ਵਿੱਚ ਪੈਦਾਵਾਰ ਵੱਧ ਗਈ ਹੈ। ਪਰ ਪੰਜਾਬ ਦੇ ਕਿਸਾਨਾਂ ਦੀ ਮਜ਼ਬੂਰੀ ਅਜੇ ਵੀ ਝੋਨਾ ਹੀ ਹੈ, ਕਿਉਂਕਿ ਦੂਜਾ ਲਾਭ ਵਾਲਾ ਬਦਲ ਪੇਸ਼ ਹੀ ਨਹੀਂ ਕੀਤਾ ਗਿਆ। ਪਰਾਲੀ ਦੀ ਪਹਿਲਾਂ ਵਰਤੋਂ ਸੰਭਵ ਸੀ। ਪੁਰਾਣੇ ਸਮਿਆਂ ਵਿੱਚ ਪਰਾਲੀ ਨੂੰ ਪਸ਼ੂਆਂ ਦੀ ਖ਼ੁਰਾਕ ਲਈ, ਚੁੱਲ੍ਹੇ ਮਘਾਉਣ ਲਈ ਤੇ ਖੇਤਾਂ ਵਿੱਚ ਖਾਦ ਵਜੋਂ ਵਰਤਿਆ ਜਾਂਦਾ ਸੀ। ਪਰ ਹੁਣ ਫ਼ਸਲ ਜ਼ਿਆਦਾ ਹੋਣ ਤੇ ਕੰਬਾਈਨ ਮਸ਼ੀਨਾਂ ਦੇ ਆਉਣ ਨਾਲ ਫ਼ਸਲ ਕੱਟਣ ਤੋਂ ਬਾਅਦ ਖੇਤਾਂ ਵਿੱਚ ਬਹੁਤ ਪਰਾਲੀ ਬੱਚ ਜਾਂਦੀ ਹੈ, ਜੋ ਸਹੀ ਢੰਗ ਨਾਲ ਕਟਾਈ ਨਾ ਹੋਣ ਕਾਰਨ ਨਾ ਪਸ਼ੂਆਂ ਲਈ ਉੱਚਿਤ ਰਹੀ ਤੇ ਨਾ ਹੀ ਆਸਾਨੀ ਨਾਲ ਖੇਤਾਂ ਵਿੱਚ ਗਲਦੀ ਹੈ।

ਝੋਨੇ ਦੀ ਕਟਾਈ ਤੋਂ ਬਾਅਦ ਕਣਕ ਬੀਜਣ ਤੱਕ ਕਿਸਾਨ ਕੋਲ 15-20 ਦਿਨ ਹੀ ਹੁੰਦੇ ਹਨ, ਇਸ ਵਿੱਚ ਟਰੈਕਟਰ ਨਾਲ ਪਰਾਲੀ ਵੱਢਣਾ ਜਾਂ ਮਸ਼ੀਨਾਂ ਨਾਲ ਮਿੱਟੀ ਵਿੱਚ ਮਿਲਾਉਣਾ ਤੇ ਅਗਲੀ ਬਿਜਾਈ ਲਈ ਖੇਤ ਤਿਆਰ ਕਰਨੇਮੁਸ਼ਕਿਲ ਤੇ ਮਹਿੰਗਾ ਕੰਮ ਹੁੰਦਾ ਹੈ। ਇਸ ਤਰ੍ਹਾਂ ਅੱਗ ਲਾਉਣਾ ਹੀ ਕਿਸਾਨਾਂ ਨੂੰ ਸਸਤਾ ਤੇ ਤੇਜ਼ ਬਦਲ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਪਰਾਲੀ ਸਾੜਨਾ ਉਸ ਦਾ ਅਪਰਾਧ ਨਹੀਂ, ਮਜ਼ਬੂਰੀ ਬਣ ਜਾਂਦੀ ਹੈ। ਇਸ ਸੱਚਾਈ ਨੂੰ ਸਮਝਣ ਬਗੈਰ ਕਿਸਾਨ ਨੂੰ ਦੋਸ਼ੀ ਬਣਾਉਣਾ ਕਿੱਥੋਂ ਦਾ ਨਿਆਂ ਹੈ। ਹਰ ਵਿਅਕਤੀ ਉਹੀ ਕੰਮ ਕਰਦਾ ਹੈ, ਜੋ ਉਸ ਦੇ ਆਰਥਿਕ ਹਾਲਤ, ਸਮਾਂ ਤੇ ਸਹੂਲਤ ਉਸ ਨੂੰ ਕਰਨ ਦਿੰਦੇ ਹਨ।

ਇਸ ਸਮੱਸਿਆ ਦਾ ਹੱਲ ਕਿਸਾਨਾਂ ਨੂੰ ਸਜ਼ਾ ਦੇਣ ਵਿੱਚ ਨਹੀਂ, ਉਨ੍ਹਾਂ ਦੀ ਮਦਦ ਕਰਨ ਵਿੱਚ ਹੈ। ਸਰਕਾਰ ਦੀ ਜ਼ਿੰਮੇਵਾਰੀ ਕਿਸਾਨਾਂ ’ਤੇ ਮੁਕੱਦਮੇ ਦਰਜ ਕਰਕੇ ਖ਼ਤਮ ਨਹੀਂ ਹੋ ਜਾਂਦੀ, ਸਗੋਂ ਵਿਗਿਆਨੀਆਂ ਤੇ ਤਕਨੀਕੀ ਮਾਹਿਰਾਂ ਰਾਹੀਂ ਚੰਗਾ ਬਦਲ ਲੱਭ ਕੇ ਪੂਰੀ ਹੋ ਸਕਦੀ ਹੈ। ਵਿਗਿਆਨੀਆਂ ਨੂੰ ਵੀ ਅੱਗੇ ਆ ਕੇ ਪਰਾਲੀ ਪ੍ਰਬੰਧਨ ਦੇ ਸਸਤੇ ਤੇ ਪ੍ਰਭਾਵਸ਼ਾਲੀ ਤਰੀਕੇ ਦੇਣੇ ਚਾਹੀਦੇ ਹਨ ਜਿਵੇਂ ਕਿ ਬਾਇਓਡੀਕੰਪੋਜ਼ਰ, ਮਸ਼ੀਨ ਸਬਸਿਡੀ, ਪਰਾਲੀ ਖਰੀਦ ਪ੍ਰੋਗਰਾਮ ਆਦਿ। ਇਸ ਲਈ ਸਰਕਾਰਾਂ ਨੂੰ ਕਿਸਾਨਾਂ ਤੇ ਖੇਤੀ ਵਿਗਿਆਨੀਆਂ ਨਾਲ ਸਲਾਹ ਕਰਕੇ ਨਵੀਂ ਖੇਤੀ ਨੀਤੀ ਸੋਚਣੀ ਤੇ ਘੜਨੀ ਪਵੇਗੀ, ਤਾਂ ਜੋ ਝੋਨੇ ਤੋਂ ਬਾਹਰ ਲਾਭਕਾਰੀ ਬਦਲ ਕਿਸਾਨਾਂ ਨੂੰ ਮਿਲ ਸਕਣ। ਇਸ ਦੇ ਨਾਲ-ਨਾਲ ਜਨਤਾ ਨੂੰ ਵੀ ਜਾਗਰੂਕ ਕਰਨ ਦੀ ਲੋੜ ਹੈ। ਪ੍ਰਦੂਸ਼ਣ ਦਾ ਹੱਲ ਸਿੱਖਿਆ ਤੇ ਸਭ ਦੇ ਸਹਿਯੋਗ ਨਾਲ ਲੱਭਣ ਦੀ ਲੋੜ ਹੈ। ਜਦੋਂ ਕਿਸਾਨਾਂ ਨੂੰ ਵਿਗਿਆਨਕ ਮਦਦ, ਆਰਥਿਕ ਸਹਾਰਾ ਤੇ ਸਮਾਜਿਕ ਸਨਮਾਨ ਮਿਲੇਗਾ ਤਾਂ ਹੀ ਉਹ ਪਰਾਲੀ ਨੂੰ ਸਾੜਨ ਦੀ ਥਾਂ ਹੋਰ ਰਸਤੇ ਅਪਣਾਉਣਗੇ। ਪਰਾਲੀ ਦੀ ਅੱਗ ਕਿਸਾਨਾਂ ਦੀ ਖੁਸ਼ੀ ਨਹੀਂ, ਮਜ਼ਬੂਰੀ ਹੈ। ਇਸ ਲਈ ਲੋੜ ਕਿਸੇ ਨੂੰ ਦੋਸ਼ ਦੇਣ ਦੀ ਨਹੀਂ, ਸਗੋਂ ਦਿਲ ਜੋੜਨ ਦੀ ਹੈ। ਕਿਸਾਨ ਅਪਰਾਧੀ ਨਹੀਂ, ਉਹ ਹੀ ਹੈ, ਜਿਸ ਨੇ ‘ਜੈ ਜਵਾਨ ਤੇ ਜੈ ਕਿਸਾਨ’ ’ਤੇ ਪਹਿਰਾ ਦੇ ਕੇ ਦੇਸ਼ ਨੂੰ ਖ਼ੁਰਾਕ ਸੁਰੱਖਿਆ ਮੁਹੱਈਆ ਕਰਵਾਈ ਸੀ।

ਅੱਜ ਭਾਰਤ ਅੰਨ ਦੀ ਪੈਦਾਵਾਰ ਵਿੱਚ ਨਾ ਸਿਰਫ਼ ਆਤਮ ਨਿਰਭਰ ਹੈ, ਸਗੋਂ ਨਿਰਯਾਤ ਵੀ ਕਰ ਰਿਹਾ ਹੈ। ਹੁਣ ਸਰਕਾਰ ਦਾ ਫ਼ਰਜ਼ ਹੈ ਕਿ ਉਹ ਕਿਸਾਨਾਂ ਦੀ ਮਦਦ ਕਰੇ। ਕਿਸਾਨ ਤਾਂ ਪ੍ਰਦੂਸ਼ਣ ਮੁਕਤ ਭਾਰਤ ਦਾ ਵੀ ਮੋਢੀ ਬਣ ਸਕਦਾ ਹੈ। ਉਸ ਦੀ ਮਿਹਨਤ ਦੀ ਲੋਅ ਬੁਝਾਉਣ ਦੀ ਥਾਂ ਉਸ ਨੂੰ ਰੌਸ਼ਨੀ ਕਿਵੇਂ ਬਣਾਈਏ, ਇਹ ਸਾਡੀ ਨੀਤੀ ਤੇ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

# ਪੌਲੀ ਨੈੱਟ ਹਾਊਸ ਵਿੱਚ ਫ੍ਰੈਂਚ ਬੀਨ ਦੀ ਕਾਸ਼ਤ

**ਰੂਮਾ ਦੇਵੀ ਅਤੇ ਤਰਸੇਮ ਸਿੰਘ ਢਿੱਲੋਂ, ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98783-99555)**



ਪੰਜਾਬ ਵਿੱਚ ਪੌਲੀ ਨੈੱਟ ਹਾਊਸ ਅਧੀਨ ਸਬਜ਼ੀਆਂ ਦੀ ਕਾਸ਼ਤ ਤੇਜ਼ੀ ਨਾਲ ਵੱਧ ਰਹੀ ਹੈ, ਨਤੀਜੇ ਵਜੋਂ ਇਨ੍ਹਾਂ ਢਾਂਚਿਆਂ ਹੇਠ ਰਕਬਾ 400 ਏਕੜ ਤੋਂ ਵੱਧ ਹੋ ਗਿਆ ਹੈ। ਪੌਲੀ ਨੈੱਟ ਵਿੱਚ ਖੀਰੇ ਅਤੇ ਫ੍ਰੈਂਚ ਬੀਨ ਦੀ ਕਾਸ਼ਤ ਬਹੁਤ ਲਾਹੇਵੰਦ ਧੰਦਾ ਹੈ। ਫ੍ਰੈਂਚ ਬੀਨ ਦੀਆਂ ਦੋ ਕਿਸਮਾਂ, ਪੰਜਾਬ ਅਨੰਦ ਅਤੇ ਪੰਜਾਬ ਰੰਗਤ ਪੌਲੀ ਨੈੱਟ ਹਾਊਸ ਦੇ ਵਿੱਚ ਕਾਸ਼ਤ ਲਈ ਸਿਫਾਰਿਸ਼ ਕੀਤੀਆਂ ਗਈਆਂ ਹਨ।

**ਪੰਜਾਬ ਅਨੰਦ** : ਇਸ ਕਿਸਮ ਦੀ ਕਾਸ਼ਤ ਪੌਲੀ ਨੈੱਟ ਹਾਊਸ ਵਿੱਚ ਸਿਫ਼ਾਰਸ਼ ਕੀਤੀ ਗਈ ਹੈ। ਇਹ ਕਿਸਮ ਸਤੰਬਰ ਅਤੇ ਫਰਵਰੀ ਵਿੱਚ ਬਿਜਾਈ ਲਈ ਢੁੱਕਵੀਂ ਹੈ। ਇਸ ਕਿਸਮ ਦੀਆਂ ਵੇਲਾਂ ਹਰੇ ਰੰਗ ਦੀਆਂ ਅਤੇ ਲਗਾਤਾਰ ਵਾਧੇ ਵਾਲੀਆਂ ਹੁੰਦੀਆਂ ਹਨ। ਇਸ ਦੀਆਂ ਫ਼ਲੀਆਂ ਹਰੀਆਂ, ਸਿਧੀਆਂ, ਨਰਮ ਅਤੇ ਗੋਲ ਹੁੰਦੀਆਂ ਹਨ। ਇਹ ਕਿਸਮ ਬਿਜਾਈ ਤੋਂ 64-66 ਦਿਨਾਂ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੀ ਹੈ। ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 125.5 ਕੁਇੰਟਲ ਪ੍ਰਤੀ ਏਕੜ ਅਤੇ ਫਰਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 131.8 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਰੰਗਤ** : ਇਸ ਕਿਸਮ ਦੀ ਕਾਸ਼ਤ ਪੌਲੀ ਨੈੱਟ ਹਾਊਸ ਵਿੱਚ ਸਿਫ਼ਾਰਸ਼ ਕੀਤੀ ਗਈ ਹੈ। ਇਹ ਕਿਸਮ ਸਤੰਬਰ ਅਤੇ ਫਰਵਰੀ ਵਿੱਚ ਬਿਜਾਈ ਲਈ ਢੁੱਕਵੀਂ ਹੈ। ਇਸ ਕਿਸਮ ਦੀਆਂ ਵੇਲਾਂ ਜਾਮਣੀ ਰੰਗ ਦੀਆਂ ਅਤੇ ਲਗਾਤਾਰ ਵਾਧੇ ਵਾਲੀਆਂ ਹੁੰਦੀਆਂ ਹਨ। ਇਸ ਦੀਆਂ ਫ਼ਲੀਆਂ ਜਾਮਣੀ, ਸਿਧੀਆਂ, ਨਰਮ ਅਤੇ ਗੋਲ ਹੁੰਦੀਆਂ ਹਨ। ਸਤੰਬਰ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 126.4 ਕੁਇੰਟਲ ਪ੍ਰਤੀ ਏਕੜ ਅਤੇ ਫਰਵਰੀ ਮਹੀਨੇ ਵਿੱਚ ਬੀਜੀ ਫ਼ਸਲ ਦਾ ਔਸਤ ਝਾੜ 132.1 ਕੁਇੰਟਲ ਪ੍ਰਤੀ ਏਕੜ ਹੈ।

**ਮੌਸਮ ਅਤੇ ਜ਼ਮੀਨ** : ਫ੍ਰੈਂਚ ਬੀਨ ਦੀ ਸਫ਼ਲ ਕਾਸ਼ਤ ਲਈ ਢੁੱਕਵਾਂ ਤਾਪਮਾਨ 15 ਤੋਂ 25 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਫ੍ਰੈਂਚ ਬੀਨ ਦੀ ਫ਼ਸਲ ਮੌਸਮੀ ਪ੍ਰਭਾਵ ਕਾਰਨ ਬਹੁਤ ਨਾਜ਼ੁਕ ਹੁੰਦੀ ਹੈ ਅਤੇ ਜ਼ਿਆਦਾ ਠੰਢ ਜਾਂ ਕੋਰੇ ਦਾ ਹਮਲਾ ਬਰਦਾਸ਼ਤ ਨਹੀਂ ਕਰ ਸਕਦੀ। ਜ਼ਿਆਦਾ ਸਿੱਲ੍ਹੇ ਮੌਸਮ ਵਿੱਚ ਗਿਚੀ ਗਲਣ ਦਾ ਰੋਗ ਹੋ ਜਾਂਦਾ ਹੈ। ਜ਼ਮੀਨ ਮੈਰਾ ਅਤੇ ਚੰਗੀ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਪੌਲੀ ਨੈੱਟ ਹਾਊਸ ਵਿੱਚ ਇਸ ਫ਼ਸਲ ਦੀ ਦੂਜੀ ਫ਼ਸਲ ਦਸੰਬਰ ਦੇ ਆਖ਼ਰੀ ਹਫ਼ਤੇ ਤੋਂ ਜਨਵਰੀ ਦੇ ਪਹਿਲੇ ਹਫ਼ਤੇ ਦਰਮਿਆਨ ਪਲਾਸਟਿਕ ਦੀਆਂ ਟਰੇਆਂ ਵਿੱਚ ਬੀਜੋ ਅਤੇ ਤਕਰੀਬਨ 30 ਦਿਨਾਂ ਬਾਅਦ ਪੌਲੀ ਨੈੱਟ ਹਾਊਸ ਵਿੱਚ ਲਾਉ। ਬਿਜਾਈ ਤੋਂ ਪਹਿਲਾਂ ਬੀਜ ਨੂੰ ਕੈਪਟਾਨ/ਬੀਰਮ/ਬਾਵਿਸਟਨ 2-3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਇੱਕ ਏਕੜ ਵਿੱਚ ਪੌਲੀ ਨੈੱਟ ਹਾਊਸ ਵਿੱਚ 12000 ਤੋਂ 13000 ਬੂਟਿਆਂ ਦੀ ਲੋੜ ਹੈ। ਫ੍ਰੈਂਚ ਬੀਨ ਦੀ ਸਿਧੀ ਬਿਜਾਈ ਕੀਤੀ ਜਾ ਸਕਦੀ ਹੈ।

**ਬੈੱਡ ਬਣਾਉਣਾ ਅਤੇ ਡਰਿਪ ਪਾਈਪਾਂ ਵਿਛਾਉਣਾ** : ਪੌਲੀ ਨੈੱਟ ਹਾਊਸ ਵਿੱਚ ਪਟੜੇ (ਬੈੱਡ) ਤਿਆਰ ਕਰਦੇ ਸਮੇਂ ਹੇਠਲੇ ਪਾਸਿਉਂ ਬੈੱਡ 100-110 ਸੈਂਟੀਮੀਟਰ ਚੌੜਾ ਬਣਾਉ ਅਤੇ ਬੈੱਡ ਤਿਆਰ ਹੋਣ ਤੋਂ ਬਾਅਦ ਉਪਰਲੇ ਪਾਸਿਉਂ 60 ਤੋਂ 70 ਸੈਂਟੀਮੀਟਰ ਚੌੜਾ ਰੱਖੋ। ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ ਵਿੱਚ ਲਾਉ। ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ / ਲਵਾਈ ਤ੍ਰਿਕੋਣੀ ਆਕਾਰ ਵਿੱਚ ਕਰੋ ਭਾਵ ਕਿ ਇੱਕ ਕਤਾਰ ਜੋੜੇ ਵਿੱਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਬੂਟੇ ਨੂੰ ਧੁੱਪ ਅਤੇ ਹਵਾ ਬਰਾਬਰ ਮਿਲਦੀ ਹੈ ਅਤੇ ਫਲ ਵੀ ਜ਼ਿਆਦਾ ਲੱਗਦਾ ਹੈ।

**ਫਾਸਲਾ ਅਤੇ ਸਿੰਚਾਈ** : ਕਤਾਰਾਂ ਵਿਚਲਾ ਫਾਸਲਾ 45-50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖੋ। ਇੱਕ ਬੈੱਡ ਤੇ ਦੋ ਡਰਿੱਪ ਲਾਈਨਾਂ (ਪਾਈਪਾਂ) ਵਿਛਾ ਦਿਉ। ਪਾਈਪ ਦੇ ਡਰਿਪਰਾਂ ਵਿਚਕਾਰ ਫਾਸਲਾ ਇੱਕ ਫੁੱਟ ਅਤੇ ਡਰਿਪਰ ਦੇ ਪਾਣੀ ਦੀ ਨਿਕਾਸੀ ਸਮਰੱਥਾ 2.0 ਲਿਟਰ ਪ੍ਰਤੀ ਘੰਟਾ ਰੱਖੋ।

**ਵੇਲਾਂ ਦੀ ਕਾਂਟ-ਛਾਂਟ ਅਤੇ ਸਿਧਾਈ** : ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵੱਲ ਚਾੜ੍ਹੋ। ਬੂਟੇ ਦਾ ਵਾਧਾ ਜਦ ਤਕਰੀਬਨ 2 ਤੋਂ 3 ਫੁੱਟ ਦਾ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲੱਗਭੱਗ ਇੱਕ ਫੁੱਟ ਤੱਕ ਸਾਰੇ ਫੁੱਲ ਮਸਲ ਦਿਓ ਤਾਂ ਜੋ ਬੂਟੇ ਦਾ ਵਾਧਾ ਉੱਪਰ ਵੱਲ ਜ਼ਿਆਦਾ ਹੋਵੇ। ਜੇ ਬੂਟੇ ਦੀ ਇੱਕ ਗੰਢ ਤੇ ਜ਼ਿਆਦਾ ਫੁੱਲ ਤਿਆਰ ਹੋਣ ਅਤੇ ਮਾਦਾ ਫੁੱਲ ਸੁੱਕਣ ਲੱਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲਾਂ ਨੂੰ ਮਸਲਿਆ ਜਾ ਸਕਦਾ ਹੈ। ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕੱਟ ਦਿਉ। ਇਸ ਤਰ੍ਹਾਂ ਕਰਨ ਨਾਲ ਵੇਲਾਂ ਨਰੋਈਆਂ ਅਤੇ ਫਲ ਭਰਪੂਰ ਲੱਗਦਾ ਹੈ।

**ਤੁੜਾਈ** : ਫਲ ਜਦ ਕੱਚੇ ਅਤੇ ਗੂੜ੍ਹੇ ਹਰੇ ਰੰਗ ਦੇ ਹੋਣ ਤਾਂ ਤੋੜ ਲਵੋ। ਤੁੜਾਈਆਂ ਫਲਾਂ ਦੇ ਵਾਧੇ ਅਨੁਸਾਰ 3-4 ਦਿਨ ਦੇ ਵਕਫੇ ਤੇ ਕਰਦੇ ਰਹੋ। ਇਸ ਨਾਲ ਨਵੇਂ ਫਲ ਜਲਦੀ ਲਗਦੇ ਹਨ ਅਤੇ ਝਾੜ ਵਿੱਚ ਵਾਧਾ ਵੀ ਹੁੰਦਾ ਹੈ।

# ਵਿਕਸਿਤ ਭਾਰਤ ਦੇ ਸੰਕਲਪ ਵਿੱਚੋਂ ਕਿਸਾਨਾਂ ਨੂੰ ਪਿੱਛੇ ਰੱਖਣਾ ਸੰਭਵ ਨਹੀਂ



ਜਦੋਂ ਭਾਰਤ 2047 ਤੱਕ ਇੱਕ ਵਿਕਸਿਤ ਰਾਸ਼ਟਰ ਬਣਨ ਦੇ ਉਤਸ਼ਾਹਪੂਰਨ ਟੀਚੇ ਨੂੰ ਨਿਰਧਾਰਿਤ ਕਰਦਾ ਹੈ ਤਾਂ 'ਵਿਕਸਿਤ ਭਾਰਤ' ਦੀ ਦ੍ਰਿਸ਼ਟੀ ਸਾਨੂੰ ਇੱਕ ਬਹੁਤ ਹੀ ਮਹੱਤਵਪੂਰਨ ਪ੍ਰਸ਼ਨ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ ਕਿ ਜਦੋਂ ਦੇਸ਼ ਆਪਣੀ ਅਜ਼ਾਦੀ ਦਾ ਸੌ ਸਾਲਾ ਜਸ਼ਨ ਮਨਾਏਗਾ, ਤਾਂ ਉਸ ਸਮੇਂ ਦੇਸ਼ ਦੇ ਅੰਨਦਾਤਿਆਂ (ਕਿਸਾਨਾਂ) ਦੀ ਸਮਾਜਿਕ ਤੇ ਆਰਥਿਕ ਹਾਲਤ ਕਿਹੋ ਜਿਹੀ ਹੋਵੇਗੀ ? ਪਹਿਲੀ ਜਨਵਰੀ 2026 ਤੋਂ ਲਾਗੂ ਹੋਣ ਜਾ ਰਹੇ ਆਉਣ ਵਾਲੇ 8ਵੇਂ ਤਨਖ਼ਾਹ ਕਮਿਸ਼ਨ ਦੇ ਅਨੁਮਾਨਿਤ ਵਧੇ ਨੂੰ ਦੇਖਣਾ ਹੋਵੇਗਾ, ਜੋ 7ਵੇਂ ਤਨਖ਼ਾਹ ਕਮਿਸ਼ਨ ਤਹਿਤ ਮੌਜੂਦਾ ਸ਼ੁਰੂਆਤੀ ਬੇਸਿਕ ਤਨਖ਼ਾਹ ਦੇ ਆਧਾਰ 'ਤੇ 18 ਹਜ਼ਾਰ ਤੋਂ ਵੱਧ ਕੇ 44,280 ਰੁਪਏ ਤੱਕ ਪਹੁੰਚ ਸਕਦੀ ਹੈ। ਜੇਕਰ ਇਸੇ ਦਰ ਨਾਲ ਵਾਧਾ ਜਾਰੀ ਰਹਿੰਦਾ ਹੈ ਤਾਂ 2047 ਤੱਕ ਇੱਕ ਸਰਕਾਰੀ ਕਰਮਚਾਰੀ ਦੀ ਸ਼ੁਰੂਆਤੀ ਮਾਸਿਕ ਕਮਾਈ 1,25,000 ਰੁਪਏ ਤੱਕ ਪਹੁੰਚ ਸਕਦੀ ਹੈ। ਹਰ ਕਮਿਸ਼ਨ ਦੇ ਲਾਗੂ ਹੋਣ ਨਾਲ ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇਜ਼ੀ ਨਾਲ ਵੱਧਦੀਆਂ ਹਨ, ਜੋ ਦੇਸ਼ ਦੀ ਮਜ਼ਬੂਤ ਆਰਥਿਕ ਸਥਿਤੀ ਤੇ ਜੀਵਨ ਮਿਆਰ ਵਿੱਚ ਸੁਧਾਰ ਨੂੰ ਦਰਸਾਉਂਦੀਆਂ ਹਨ। ਇਸ ਦੇ ਬਿਲਕੁਲ ਉਲਟ, ਇੱਕ ਆਮ ਭਾਰਤੀ ਕਿਸਾਨ ਦੀ ਆਮਦਨ ਬਹੁਤ ਮੰਦਗਤੀ ਨਾਲ ਵੱਧਦੀ ਹੈ। ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ (ਐਨ.ਐਸ.ਐਸ.ਓ.) ਅਨੁਸਾਰ ਇੱਕ ਖੇਤੀਬਾੜੀ ਘਰ-ਪਰਿਵਾਰ ਦੀ ਔਸਤ ਮਾਸਿਕ ਆਮਦਨ ਸਿਰਫ਼ 10,218 ਰੁਪਏ ਹੈ, ਜੋ ਇੱਕ ਸਰਕਾਰੀ ਕਰਮਚਾਰੀ ਦੀ ਸ਼ੁਰੂਆਤੀ ਤਨਖ਼ਾਹ ਦਾ ਕਰੀਬ ਇੱਕ-ਚੌਥਾਈ ਹੈ। ਸਰਕਾਰੀ ਸੈਕਟਰ ਤੇ ਅਸੰਗਠਿਤ ਖੇਤੀਬਾੜੀ ਸੈਕਟਰ ਵਿਚਕਾਰ ਵੱਧ ਰਿਹਾ ਆਮਦਨ ਦਾ ਪਾੜਾ ਸਿਰਫ਼ ਆਰਥਿਕ ਮੁੱਦਾ ਨਹੀਂ ਹੈ, ਸਗੋਂ ਤੁਰੰਤ ਕਾਰਵਾਈ ਕਰਨ ਦੀ ਚਿਤਾਵਨੀ ਹੈ। ਜੇਕਰ ਇਹ ਪਾੜਾ ਹੁਣ ਭਰਿਆ ਨਾ ਗਿਆ ਤਾਂ ਦੇਸ਼ ਦੇ ਵੱਖ-ਵੱਖ ਹਕੀਕਤਾਂ-ਸ਼ਹਿਰਾਂ ਦੇ ਚਮਕਦੇ 'ਵਿਕਸਿਤ ਭਾਰਤ' ਤੇ ਪਿੰਡਾਂ ਦੇ ਸੰਘਰਸ਼ ਕਰਦੇ 'ਅਣਗੌਲੇ ਭਾਰਤ' ਵਿੱਚ ਵੰਡਿਆ ਜਾਵੇਗਾ। ਇੱਕ ਅਜਿਹਾ ਦੇਸ਼ ਜੋ ਸ਼ਹਿਰਾਂ ਵਿੱਚ ਖ਼ੁਸ਼ਹਾਲ ਪਰ ਪਿੰਡਾਂ ਵਿੱਚ ਪਛੜਿਆ ਹੋਵੇਗਾ, ਉਸ ਨੂੰ ਸੱਚਮੁੱਚ ਵਿਕਸਿਤ ਕਿਹਾ ਜਾ ਸਕੇਗਾ।

**ਉੱਭਰਦੀ ਆਰਥਿਕਤਾ ਵਿੱਚ ਖੇਤੀਬਾੜੀ ਪਛੜੀ**

ਆਰਥਿਕ ਸਰਵੇਖਣ 2024-25 ਅਨੁਸਾਰ ਦੇਸ਼ ਦੇ 42 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੀ ਖੇਤੀਬਾੜੀ ਦਾ ਰਾਸ਼ਟਰੀ ਘਰੇਲੂ ਉਤਪਾਦ (ਜੀ. ਡੀ. ਪੀ.) ਵਿੱਚ ਯੋਗਦਾਨ ਸਿਰਫ਼ 15 ਫ਼ੀਸਦੀ ਹੈ। ਖੇਤੀ ਉਤਪਾਦਕਤਾ ਦਾ ਠਹਿਰਾਅ ਤੇ ਮੁੱਲ ਪ੍ਰਾਪਤੀ ਦੀ ਘਾਟ ਖੇਤੀ ਖੇਤਰ ਨੂੰ ਪਿੱਛੇ ਰੱਖ ਰਹੀ ਹੈ। ਔਸਤ ਜ਼ਮੀਨ ਜੋਤਾਂ ਦੇ ਘੱਟ ਕੇ 1.08 ਹੈਕਟੇਅਰ ਰਹਿ ਜਾਣ ਨਾਲ ਉਤਪਾਦਨ ਤੇ ਆਧੁਨਿਕਤਾ ਦੋਵੇਂ ਪ੍ਰਭਾਵਿਤ ਹੋਏ ਹਨ। ਖੇਤੀਬਾੜੀ ਖੋਜ ਤੇ ਵਿਕਾਸ ਵਿੱਚ ਭਾਰਤ ਦਾ ਖਰਚਾ ਦੋ ਦਹਾਕਿਆਂ ਤੋਂ ਖੇਤੀ ਦੇ ਕੁੱਲ ਘਰੇਲੂ ਉਤਪਾਦ ਦਾ ਸਿਰਫ਼ 0.4 ਫ਼ੀਸਦੀ ਹੈ, ਜਦਕਿ ਇਜ਼ਰਾਈਲ, ਅਮਰੀਕਾ ਤੇ ਨੀਦਰਲੈਂਡ ਜਿਹੇ ਵਿਕਸਿਤ ਦੇਸ਼ ਖੇਤੀ 'ਤੇ 1 ਤੋਂ 3 ਫ਼ੀਸਦੀ ਤੱਕ ਖਰਚ ਕਰਦੇ ਹਨ। ਜੇ ਖੇਤੀਬਾੜੀ ਵਿੱਚ ਨਵੀਨਤਾ-ਅਧਾਰਿਤ ਉਤਪਾਦਨ ਵਿੱਚ ਤੇਜ਼ੀ ਨਾਲ ਵਾਧਾ ਨਾ ਹੋਇਆ ਤਾਂ ਕਿਸਾਨਾਂ ਦੀ ਆਮਦਨ ਨਾਲ ਸਿਰਫ਼ ਪਰਿਵਾਰ ਦਾ ਗੁਜ਼ਾਰਾ ਹੀ ਹੋ ਸਕੇਗਾ, ਪਰ ਹੋਰ ਖੇਤਰਾਂ ਵਿੱਚ ਆਰਥਿਕਤਾ ਤੇਜ਼ੀ ਨਾਲ ਅੱਗੇ ਵੱਧਦੀ ਰਹੇਗੀ।

**ਸਹਾਇਤਾ ਤੋਂ ਉਤਪਾਦਕਤਾ ਵੱਲ**

ਭਾਰਤ ਦੀ ਮੌਜੂਦਾ ਖੇਤੀਬਾੜੀ ਨੀਤੀ ਇਨਪੁੱਟ/ਨਿਵੇਸ਼ ਸਹਾਇਤਾ 'ਤੇ ਬਹੁਤ ਨਿਰਭਰ ਹੈ। ਇਸ ਸਮੇਂ ਖਾਦਾਂ, ਬਿਜਲੀ, ਸਿੰਚਾਈ, ਪੀ.ਐਮ. ਕਿਸਾਨ ਸਨਮਾਨ ਨਿਧੀ, ਪੀ.ਐਮ. ਫ਼ਸਲ ਬੀਮਾ ਯੋਜਨਾ ਅਤੇ ਖ਼ਰੀਦ ਕਾਰਜਾਂ 'ਤੇ ਸਾਲਾਨਾ 4 ਲੱਖ ਕਰੋੜ ਰੁਪਏ ਖਰਚੇ ਜਾਂਦੇ ਹਨ। ਪਰ ਇਹ ਸਭ ਉਪਰਾਲੇ ਲੰਬੇ ਸਮੇਂ ਦੀ ਉਤਪਾਦਕਤਾ ਤੇ ਟਿਕਾਊਪਣ ਨੂੰ ਯਕੀਨੀ ਬਣਾਉਣ ਲਈ ਨਾਕਾਫ਼ੀ ਹੈ। ਜੇ ਇਸ ਖ਼ਰਚੇ ਦਾ ਇੱਕ ਤਿਹਾਈ ਵੀ ਖੋਜ, ਮਾਰਗਦਰਸ਼ਨ ਸੇਵਾਵਾਂ ਤੇ ਬੁਨਿਆਦੀ ਢਾਂਚੇ 'ਤੇ ਖਰਚਿਆ ਜਾਵੇ ਤਾਂ ਇਸ ਨਾਲ ਵੱਡੇ ਆਰਥਿਕ ਲਾਭ ਮਿਲ ਸਕਦੇ ਹਨ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਬਜਾਏ ਪ੍ਰਭਾਵਸ਼ਾਲੀ ਪਾਣੀ ਪ੍ਰਬੰਧਨ ਪ੍ਰਣਾਲੀਆਂ ਦੀ ਲੋੜ ਹੈ।

**ਤਕਨੀਕੀ ਛਾਲ : ਗੁੰਮ ਹੋਈ ਕ੍ਰਾਂਤੀ**

ਦੁਨੀਆ ਦੇ ਖੇਤੀਬਾੜੀ ਵਿੱਚ ਮੋਹਰੀ ਦੇਸ਼ ਵਿੱਤੀ ਖ਼ਰਚ ਨਾਲ ਨਹੀਂ,



ਡਾ. ਅੰਮ੍ਰਿਤ ਸਾਗਰ ਮਿੱਤਲ
ਵਾਈਸ ਚੇਅਰਮੈਨ ਸੋਨਾਲੀਕਾ

ਸਗੋਂ ਵਿਗਿਆਨ, ਤਕਨਾਲੋਜੀ ਤੇ ਸੰਸਥਾਗਤ ਸੁਧਾਰਾਂ ਨਾਲ ਖ਼ੁਸ਼ਹਾਲ ਹੋਏ ਹਨ। ਇਜ਼ਰਾਈਲ ਨੇ ਘੱਟ ਵਰਖਾ ਵਾਲੇ ਵਾਤਾਵਰਣ ਵਿੱਚ ਵੀ ਸੂਖਮ ਸਿੰਚਾਈ ਤੇ ਪਾਣੀ ਬੱਚਤ ਤਕਨਾਲੋਜੀ ਨਾਲ ਵਿਸ਼ਵ ਦੀ ਅਗਵਾਈ ਕੀਤੀ ਹੈ। ਹਰਿਆਣਾ ਤੋਂ ਵੀ ਛੋਟਾ ਦੇਸ਼ ਨੀਦਰਲੈਂਡ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਨਿਰਧਾਰਕ ਦੇਸ਼ ਬਣ ਗਿਆ ਹੈ- ਇਹ ਸਭ ਸਰਕਾਰੀ-ਨਿੱਜੀ ਖੋਜ, ਡਾਟਾ-ਆਧਾਰਿਤ ਖੇਤੀ ਤੇ ਆਧੁਨਿਕ ਗ੍ਰੀਨਹਾਊਸ ਤਕਨਾਲੋਜੀ ਨਾਲ ਸੰਭਵ ਹੋਇਆ ਹੈ। ਚੀਨ ਨੇ ਨਿਸ਼ਾਨਾਬੱਧ ਖੋਜ ਤੇ ਡਿਜੀਟਲ ਮਰਗਦਰਸ਼ਨ ਨਾਲ ਪਿੰਡਾਂ ਤੇ ਸ਼ਹਿਰਾਂ ਦਰਮਿਆਨ ਆਮਦਨ ਦਾ ਪਾੜਾ ਖ਼ਤਮ ਕਰ ਲਿਆ ਹੈ। ਭਾਰਤ ਵਿੱਚ ਵੀ ਖੇਤੀ-ਤਕਨਾਲੋਜੀ ਨਾਲ ਜੁੜੀਆਂ ਕੰਪਨੀਆਂ ਡਰੋਨ ਨਾਲ ਛਿੜਕਾਅ, ਮਿੱਟੀ ਨਕਸ਼ੇ, ਖੇਤ-ਲਾਜ਼ਿਸਟਿਕਸ ਤੇ ਡਿਜ਼ੀਟਲ ਬਾਜ਼ਾਰ ਇੱਕ ਨਵੀਂ ਦਿਸ਼ਾ ਨੂੰ ਦਰਸਾਉਂਦੀਆਂ ਹਨ। ਖੇਤੀ ਬੁਨਿਆਦੀ ਢਾਂਚਾ ਫੰਡ, ਖੇਤੀ ਲਈ ਡਿਜੀਟਲ ਤੇ ਡਰੋਨ ਯੋਜਨਾ ਅਹਿਮ ਪਹਿਲ ਹੈ ਪਰ ਨਾਕਾਫ਼ੀ ਹਨ। ਭਾਰਤ ਨੂੰ ਆਪਣੀ ਖੇਤੀ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਫ਼ੌਰੀ ਤੇ ਦ੍ਰਿੜ੍ਹ ਕਾਰਵਾਈ ਦੀ ਲੋੜ ਹੈ, ਨਹੀਂ ਤਾਂ ਕਿਸਾਨ ਹੋਰ ਪਿੱਛੇ ਰਹਿ ਜਾਣਗੇ। ਸਾਨੂੰ ਮੰਜ਼ਿਲ ਹਾਸਿਲ ਕਰਨ ਵਾਲੇ ਦੇਸ਼ਾਂ ਤੋਂ ਸਿੱਖਣ ਦੀ ਲੋੜ ਹੈ। ਜਪਾਨ ਨੇ 60ਵੇਂ ਦੇ ਦਹਾਕੇ ਵਿੱਚ ਪਿੰਡਾਂ ਦੇ ਵਿਕਾਸ ਦੀ ਦਿਸ਼ਾ-ਜਨਤਕ ਸਾਖਰਤਾ, ਗ੍ਰਾਮੀਣ ਸਹਿਕਾਰੀ ਕਮੇਟੀਆਂ ਤੇ ਮਕੈਨਿਕੀ ਖੇਤੀ ਨਾਲ ਕੀਤੀ ਸੀ। ਦੱਖਣ ਕੋਰੀਆ ਦੀ 'ਨਵੇਂ ਪਿੰਡ ਮੁਹਿੰਮ' ਨੇ 20ਵੇਂ ਦਹਾਕੇ ਵਿੱਚ ਖੇਤੀ ਪਿੰਡਾਂ ਦੀ ਤਸਵੀਰ ਬਦਲ ਦਿੱਤੀ ਸੀ। ਸਾਡੇ 'ਵਿਕਸਿਤ ਭਾਰਤ' ਲਈ ਪਿੰਡ ਸਿਰਫ਼ ਲਾਪਰਵਾਹੀ ਨਹੀਂ, ਸਗੋਂ ਵਿਕਾਸ ਤੇ ਲਖਾਇਕ ਬਣ ਸਕਦੇ ਹਨ, ਕਿਸਾਨਾਂ ਦੀ ਆਮਦਨ ਵਧਾਉਣ ਲਈ ਸਥਿਰ ਨੀਤੀਆਂ ਦੀ ਲੋੜ ਹੈ।

**ਪਿੰਡ ਉਤਪਾਦਕ ਲਈ ਨਵਾਂ ਸਮਝੌਤਾ**

2047 ਤੱਕ ਭਾਰਤ ਦੇ ਕਰਮਚਾਰੀ ਵਰਗ ਦੇ ਵਧੇਰੇ ਜਵਾਨ ਹੋਣ ਤੇ ਸ਼ਹਿਰੀਆਂ ਦੇ ਡਿਜ਼ੀਟਲੀ ਸਾਖ਼ਰ ਹੋਣ ਦੀ ਉਮੀਦ ਹੈ। ਪਰ ਜਦੋਂ ਤੱਕ ਅਸੀਂ ਸੰਰਚਨਾਤਮਕ ਸੁਧਾਰਾਂ ਰਾਹੀਂ ਪਿੰਡਾਂ ਨੂੰ ਉਤਪਾਦਕ ਸਮਰੱਥ ਨਹੀਂ ਬਣਾਉਂਦੇ ਇਹ ਪਾੜਾ ਵੱਧਦਾ ਜਾਵੇਗਾ। 4 ਮੁੱਖ ਉਪਾਅ ਖੇਤੀਬਾੜੀ ਦ੍ਰਿਸ਼ ਨੂੰ ਬਦਲ ਸਕਦੇ ਹਨ :

**1. ਰਾਸ਼ਟਰੀ ਫ਼ਸਲ ਨੁਕਸਾਨ ਮੁਆਵਜ਼ਾ ਯੋਜਨਾ** : ਹੌਲੀ ਤੇ ਵਿਵਾਦਿਤ ਬੀਮੇ ਦੇ ਦਾਅਵਿਆਂ 'ਤੇ ਨਿਰਭਰ ਰਹਿਣ ਦੀ ਬਜਾਏ ਜ਼ਿਲ੍ਹਾ ਪੱਧਰ 'ਤੇ ਚਲਾਈ ਜਾਣ ਵਾਲੀ ਇੱਕ ਪਾਰਦਰਸ਼ੀ ਯੋਜਨਾ-ਆਧਾਰਿਤ ਮੁਆਵਜ਼ਾ ਪ੍ਰਣਾਲੀ ਹੜ੍ਹ, ਸੋਕੇ ਜਾਂ ਕੀੜਿਆਂ ਦੇ ਹਮਲੇ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਰਾਹਤ ਦੇਸਕਦੀ ਹੈ। ਪੀ.ਐਮ. ਫ਼ਸਲ ਬੀਮਾ ਯੋਜਨਾ ਸਿਰਫ਼ 5 ਕਰੋੜ ਕਿਸਾਨਾਂ ਨੂੰ ਬੀਮਾ ਪ੍ਰਦਾਨ ਕਰਦੀ ਹੈ, ਪਰ ਦਾਅਵਿਆਂ ਦੇ ਦੌਰ ਨਾਲ ਪ੍ਰੀਮੀਅਮ ਸਾਂਝੇਦਾਰੀ 'ਤੇ ਵਿਵਾਦਾਂ ਨੇ ਇਸ ਯੋਜਨਾਂ 'ਤੇ ਕਿਸਾਨਾਂ ਦੇ ਭਰੋਸੇ ਨੂੰ ਘਟਾਇਆ ਹੈ। ਇੱਕ ਸਮਰਪਿਤ ਮੁਆਵਜ਼ਾ ਪ੍ਰਣਾਲੀ ਇਸ ਭਰੋਸੇ ਨੂੰ ਮੁੜ ਬਹਾਲ ਕਰਕੇ ਸਮੇਂ ਸਿਰ ਮਦਦ ਨੂੰ ਯਕੀਨੀ ਬਣਾ ਸਕਦੀ ਹੈ।

**2. ਖੇਤੀਬਾੜੀ ਖੋਜ ਵਿੱਚ ਨਿਵੇਸ਼** : ਭਾਰਤ ਦਾ ਖੇਤੀਬਾੜੀ ਖੋਜ ਖਰਚਾ 2023-24 ਲਈ 9 ਹਜ਼ਾਰ ਕਰੋੜ ਰੁਪਏ ਸੀ, ਜੋ ਨਵੀਨਤਾ-ਅਧਾਰਿਤ ਵਿਕਾਸ ਨੂੰ ਬਣਾਈ ਰੱਖਣ ਲਈ ਲੋੜੀਂਦੇ ਰਕਮ ਦੇ ਅੱਧੇ ਤੋਂ ਵੀ ਘੱਟ ਹੈ। ਇਸ ਨਿਵੇਸ਼ ਨੂੰ ਖੇਤੀਬਾੜੀ ਘਰੇਲੂ ਉਤਪਾਦ ਦੇ ਘੱਟ-ਘੱਟ 1 ਫ਼ੀਸਦੀ ਤੱਕ ਵਧਾਉਣ ਨਾਲ ਸੋਕਾ-ਰੋਧੀ ਫ਼ਸਲਾਂ, ਜੈਵਿਕ-ਖਾਦਾਂ, ਮੌਸਮ ਆਧਾਰਿਤ ਬੀਜਾਂ ਤੇ ਕਟਾਈ ਬਾਅਦ ਦੀਆਂ ਤਕਨਾਲੋਜੀਆਂ ਵਿੱਚ ਅਸਰਦਾਰ ਪ੍ਰਗਤੀ ਕੀਤੀ ਜਾ ਸਕਦੀ ਹੈ।

**3. ਸੰਸਥਾਗਤ ਤੇ ਬਾਜ਼ਾਰ ਸੁਧਾਰ** : ਖਿੰਡਰੀ ਹੋਈ ਜ਼ਮੀਨੀ ਮਲਕੀਅਤ ਤੇ ਕਮਜ਼ੋਰ ਮੁੱਲ ਲੜੀਆਂ ਖੇਤੀ ਲਈ ਬੁਨਿਆਦੀ ਰੁਕਾਵਟਾਂ ਹਨ। ਉਤਪਾਦਕ ਸੰਸਥਾਵਾਂ ਨੂੰ ਬਾਜ਼ਾਰ ਜੋੜਾਂ ਨਾਲ ਉਤਸ਼ਾਹਿਤ ਕਰਕੇ ਸੁਰੱਖਿਆ ਪ੍ਰਬੰਧਾਂ ਵਾਲੀ ਠੇਕਾ ਖੇਤੀ ਤੇ ਗੋਦਾਮ ਰਸੀਦ ਵਿੱਤ ਪ੍ਰਣਾਲੀ ਮੋਲਤੋਲ ਦੀ ਤਾਕਤ ਵਧਾ ਸਕਦੀ ਹੈ। ਰਾਸ਼ਟਰੀ ਖੇਤੀਬਾੜੀ ਬਾਜ਼ਾਰ ਲਈ ਪੂਰੀ ਤਰ੍ਹਾਂ ਇੱਕਜੁੱਟ ਮੰਚ ਵਿਕਸਿਤ ਹੋਣਾ ਚਾਹੀਦਾ ਹੈ ਜੋ ਕਿਸਾਨਾਂ ਨੂੰ ਦੇਸ਼ ਭਰ ਤੇ ਵਿਦੇਸ਼ੀ ਬਾਜ਼ਾਰਾਂ ਵਿੱਚ ਆਪਣਾ ਉਤਪਾਦ ਵੇਚਣ ਦੀ ਸਹੂਲਤ ਦੇਵੇ।

**4. ਮੌਸਮੀ ਤਬਦੀਲੀ ਦਾ ਮੁਕਾਬਲਾ** : 2047 ਤੱਕ ਭਾਰਤੀ ਖੇਤੀ ਨੂੰ ਹੋਰ ਨਵੀਆਂ ਮੌਸਮੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਵਿਸ਼ਵ ਬੈਂਕ ਦੇ ਅਨੁਮਾਨ ਅਨੁਸਾਰ ਜੇਕਰ ਖੇਤੀ ਅਨੁਕੂਲ ਤਰਜੀਹਾਂ ਦਾ ਵਿਸਤਾਰ ਨਾ ਕੀਤਾ ਗਿਆ ਤਾਂ ਮੌਸਮ ਕਾਰਨ ਉਤਪਾਦਨ ਝਟਕਿਆਂ ਨਾਲ ਖੇਤੀ ਆਮਦਨ 15 ਤੋਂ 18 ਫ਼ੀਸਦੀ ਤੱਕ ਘੱਟ ਸਕਦੀ ਹੈ। ਦੇਸ਼ ਦੀ 55 ਫ਼ੀਸਦੀ ਖੇਤੀਯੋਗ ਜ਼ਮੀਨ ਅਜੇ ਵੀ ਵਰਖਾ 'ਤੇ ਨਿਰਭਰ ਹੈ ਅਤੇ ਅਨਿਯਮਿਤ ਮੌਨਸੂਨ ਪੈਨਸ਼ਨ ਬਹੁਤ ਸੰਵੇਦਨਸ਼ੀਲ ਹੈ, ਜਿਸ ਦਾ ਖਮਿਆਜਾ ਹਾਲ ਹੀ ਵਿੱਚ ਪੰਜਾਬ ਨੂੰ ਭੁਗਤਣਾ ਪਿਆ ਹੈ। ਮੌਸਮ ਦੇ ਅਨੁਕੂਲ ਖੇਤੀ ਵਿੱਚ ਨਿਵੇਸ਼- ਮਾਈਕਰੋ ਸਿੰਚਾਈ, ਸੂਰਜ-ਚਾਲਿਤ ਸਪਲਾਈ ਤੇ ਮਿੱਟੀ ਪੁਨਰਜਨਨ ਤਰਜੀਹਾਂ ਨਾਲ ਆਮਦਨ ਦੀ ਰੱਖਿਆ ਕਰਕੇ ਕਾਰਬਨ ਤੀਬਰਤਾ ਘਟਾਈ ਜਾ ਸਕੇਗੀ।

**2047 ਦਾ ਰਾਹ** : ਸਾਂਝੀ ਖ਼ੁਸ਼ਹਾਲੀ-ਭਾਰਤ ਦੀ ਵਿਕਾਸ ਯਾਤਰਾ ਅਟੱਲ ਹੈ, ਪਰ ਇਸ ਦਾ ਰੂਪ ਨਿਰਧਾਰਿਤ ਨਹੀਂ ਹੈ ਕਿ ਕੀ 'ਵਿਕਸਿਤ ਭਾਰਤ' ਇੱਕ ਸਾਂਝੀ ਰਾਸ਼ਟਰੀ ਪ੍ਰਾਪਤੀ ਬਣੇਗਾ ਜਾਂ ਦੋਹਰੀ ਆਰਥਿਕਤਾ ਵਾਲਾ ਦੇਸ਼ ਇਹ ਉਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਰਕਾਰ ਆਪਣੀਆਂ ਖਰਚ ਤਰਜੀਹਾਂ ਨੂੰ ਕਿਵੇਂ ਮੁੜ ਪਰਿਭਾਸ਼ਿਤ ਕਰਦੀ ਹੈ। ਦੇਸ਼ ਦਾ ਧਿਆਨ ਖਪਤ-ਆਧਾਰਿਤ ਭਲਾਈ ਦੀ ਬਜਾਏ ਉਤਪਾਦਕਤਾ-ਅਧਾਰਿਤ ਟਿਕਾਊ ਸਸ਼ਕਤੀਕਰਨ ਵੱਲ ਹੋਣਾ ਚਾਹੀਦਾ ਹੈ। ਜੇਕਰ ਦੇਸ਼ ਨੂੰ ਖ਼ੁਰਾਕ ਪ੍ਰਦਾਨ ਕਰਨ ਵਾਲਿਆਂ ਦੇ ਹੱਥ ਪਿੱਛੇ ਰਹਿ ਜਾਣ ਤਾਂ ਭਾਰਤ ਦੀ ਤਰੱਕੀ ਦੀ ਕਥਾ ਅਧੂਰੀ ਰਹੇਗੀ। ਇੱਕ ਅਸਲ 'ਵਿਕਸਿਤ ਭਾਰਤ' ਉਹੀ ਹੋਵੇਗਾ, ਜੋ 2047 ਤੱਕ ਇਹ ਯਕੀਨੀ ਬਣਾਏ ਕਿ ਕਿਸਾਨਾਂ ਨੂੰ ਸਿਰਫ਼ ਬਚਾਉਣਾ ਹੀ ਨਹੀਂ, ਸਗੋਂ ਖ਼ੁਸ਼ਹਾਲੀ ਦੇ ਹਿੱਸੇਦਾਰ ਵੀ ਬਣਾਉਣਾ ਹੈ।

**(ਲੇਖਕ ਕੈਬਨਿਟ ਮੰਤਰੀ ਰੈਂਕ ਨਾਲ ਪੰਜਾਬ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ)**

# ਬਿਨਾਂ ਕਿਸੇ ਸਪਰੇਅ ਤੋਂ ਪਿਓ-ਪੁੱਤ ਕਰ ਰਹੇ ਖੇਤੀ

**25 ਸਾਲਾਂ ਤੋਂ ਰਸਾਇਣਿਕ ਦਵਾਈਆਂ ਦੀ ਸਪਰੇਅ ਨਹੀਂ ਕੀਤੀ ਅਤੇ 9 ਸਾਲਾਂ ਤੋਂ ਪਰਾਲੀ ਵਾਹ ਕੇ ਕਰ ਰਹੇ ਨੇ ਕਣਕ ਦੀ ਸਿੱਧੀ ਬਿਜਾਈ**



ਪਿੰਡ ਮੰਡਵਾਂ ਵਿਖੇ ਧਰਮਿੰਦਰਜੀਤ ਸਿੰਘ ਕੰਗ ਆਪਣੇ ਪਿਤਾ ਲਖਵਿੰਦਰਜੀਤ ਸਿੰਘ ਕੰਗ ਨਾਲ ਸੁਪਰ ਸੀਡਰ ਰਾਹੀਂ ਕਣਕ ਦੀ ਬਿਜਾਈ ਕਰਦੇ ਹੋਏ।

ਦਿਨ-ਬ-ਦਿਨ ਦੂਸ਼ਿਤ ਹੋ ਰਿਹਾ ਵਾਤਾਵਰਣ ਅਤੇ ਅਨਾਜ ਵਿੱਚ ਰਸਾਇਣਿਕ ਖਾਦਾਂ ਦੇ ਮਾੜੇ ਪ੍ਰਭਾਵ ਅਤੇ ਅੱਗ ਲਗਾਉਣ ਕਾਰਨ ਪੈਦਾ ਹੋਣ ਵਾਲੇ ਜ਼ਹਿਰੀਲੇ ਧੂੰਏਂ ਦੀ ਰੋਕਥਾਮ ਦੇ ਚੱਲਦਿਆਂ ਪਿੰਡ ਭੰਡਵਾਂ ਦੇ ਅਗਾਂਹਵਧੂ ਕਿਸਾਨ ਲਖਵਿੰਦਰ ਜੀਤ ਸਿੰਘ ਕੰਗ ਅਤੇ ਧਰਮਿੰਦਰਜੀਤ ਸਿੰਘ ਕੰਗ ਨੇ ਆਪਣੀ 15 ਏਕੜ ਜ਼ਮੀਨ ਵਿੱਚ 25 ਸਾਲਾਂ ਤੋਂ ਕਿਸੇ ਫ਼ਸਲ 'ਤੇ ਜਿੱਥੇ ਰਸਾਇਣਿਕ ਦਵਾਈਆਂ ਦੀ ਸਪਰੇਅ ਨਹੀਂ ਕੀਤੀ, ਉੱਥੇ 8 ਸਾਲਾਂ ਤੋਂ ਪਰਾਲੀ ਨੂੰ ਖੇਤਾਂ ਵਿੱਚ ਵਾਹ ਕੇ ਕਣਕ ਦੀ ਸਿੱਧੀ ਬਿਜਾਈ ਕੀਤੀ ਹੈ। ਇਸ ਮੌਕੇ ਪਿਓ ਲਖਵਿੰਦਰਜੀਤ ਸਿੰਘ ਕੰਗ ਅਤੇ ਪੁੱਤਰ ਧਰਮਿੰਦਰਜੀਤ ਸਿੰਘ ਕੰਗ ਨੇ ਦੱਸਿਆ ਕਿ ਇਸ ਵਾਰ ਵੀ ਉਨ੍ਹਾਂ ਆਪਣੀ ਮਾਲਕੀ ਵਾਲੀ ਅਤੇ ਠੇਕੇ 'ਤੇ ਲਈ ਜ਼ਮੀਨ ਸਮੇਤ 40 ਏਕੜ ਵਿੱਚ ਝੋਨੇ ਦੀ ਵਾਢੀ ਕੰਬਾਈਨ ਨਾਲ ਕਰਨ ਤੋਂ ਬਾਅਦ ਤਵਿਆਂ ਨਾਲ ਪਰਾਲੀ ਨੂੰ ਖੇਤਾਂ ਵਿੱਚ ਹੀ ਨਸ਼ਟ ਕਰਨ ਅਤੇ ਪਰਾਲੀ ਦੀਆਂ ਗੱਠਾਂ ਬਣਾਉਣ ਤੋਂ ਬਾਅਦ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾ ਰਹੀ ਹੈ। ਇਸ ਮੌਕੇ ਪਿਓ ਪੁੱਤਰ ਨੇ ਦੱਸਿਆ ਕਿ ਇਸ ਵਿਧੀ ਨਾਲ ਬਿਜਾਈ ਕੀਤੀ ਗਈ ਕਣਕ ਦੀ ਪੈਦਾਵਾਰ ਜ਼ਿਆਦਾ ਨਿਕਲਦੀ ਹੈ, ਕਿਉਂਕਿ ਖੇਤਾਂ ਵਿੱਚ ਨਸ਼ਟ ਕੀਤੀ ਪਰਾਲੀ ਦੇ ਖੁਰਾਕੀ ਤੱਤ ਮਿਲਣ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਹੈ।

ਲਖਵਿੰਦਰਜੀਤ ਸਿੰਘ ਨੇ ਕਿਹਾ ਕਿ ਉਸ ਨੇ ਪਿਛਲੇ 26 ਸਾਲਾਂ ਤੋਂ ਝੋਨੇ ਅਤੇ ਕਣਕ ਦੀ ਫ਼ਸਲ 'ਤੇ ਤੇਲੇ, ਪੱਤਾ ਲਪੇਟ ਸੁੰਡੀ, ਦਾਣਿਆਂ ਦੀ ਚਮਕ ਆਦਿ ਰਸਾਇਣਿਕ ਦਵਾਈਆਂ ਦੀ ਸਪਰੇਅ ਕਦੇ ਨਹੀਂ ਕੀਤੀ ਅਤੇ ਹਰ ਵਾਰ ਉਨ੍ਹਾਂ ਦੀਆਂ ਫ਼ਸਲਾਂ ਦਾ ਝਾੜ ਵਧੀਆ ਨਿਕਲਦਾ ਹੈ। ਧਰਮਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ, ਉਥੇ ਜ਼ਮੀਨ ਦੇ ਮਿੱਤਰ ਕੀੜੇ ਵੀ ਨਸ਼ਟ ਹੋ ਰਹੇ ਹਨ। ਇਨ੍ਹਾਂ ਨੂੰ ਬਚਾਉਣ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਆਪਣੇ ਪਿੰਡ ਵਿੱਚ ਪਾਮ ਤੋਂ ਇਲਾਵਾ ਹੋਰ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਲਈ ਯਤਨ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਇਸ ਵਾਰ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਵੱਡੇ ਪੱਧਰ 'ਤੇ ਹੋ ਰਹੀ ਹੈ, ਕਿਉਂਕਿ ਇਸ ਵਾਰ ਜਿੱਥੇ ਕਿਸਾਨ ਜਾਗਰੂਕ ਹੋਣ ਕਰਕੇ ਕਣਕ ਦੀ ਬਿਜਾਈ 'ਤੇ ਘੱਟ ਖਰਚਾ ਆਉਣ ਕਰਕੇ ਜ਼ਿਆਦਾ ਲੋਕ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ। ਉਸ ਨੇ ਦੱਸਿਆ ਕਿ ਕਿ ਪ੍ਰਤੀ ਏਕੜ ਵਿੱਚ ਕਰੀਬ 800 ਰੁਪਏ ਦਾ ਤੇਲ ਖਰਚ ਆਉਂਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਦੀ ਸ਼ੁੱਧਤਾ ਤੇ ਜ਼ਮੀਨ ਦੇ ਮਿੱਤਰ ਕੀੜੇ ਬਚਾਉਣ ਲਈ ਪਰਾਲੀ ਨੂੰ ਅੱਗ ਨਾ ਲਗਾਓ ਅਤੇ ਵਾਤਾਵਰਣ ਸ਼ੁੱਧ ਬਣਾਉਣ ਦੇ ਉਪਰਾਲੇ ਕਰੋ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਪ੍ਰਾਪਤ ਹੋ ਸਕੇ। ਪਿਛਲੇ ਸਾਲਾਂ ਤੋਂ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦੀਆਂ ਗੱਠਾਂ ਬਣਾਉਣ ਤੋਂ ਇਲਾਵਾ ਵਾਤਾਵਰਣ ਨੂੰ ਸ਼ੁੱਧ ਬਣਾਉਣ ਦੇ ਉਪਰਾਲੇ ਕਰਨ ਦੀ ਬਦੌਲਤ ਇਸ ਵਾਰ ਜ਼ਿਲ੍ਹਾ ਖੇਤੀਬਾੜੀ ਵਿਭਾਗ ਵੱਲੋਂ ਉਸ ਦਾ ਸਨਮਾਨ ਵੀ ਕੀਤਾ ਗਿਆ ਹੈ।

## ਕਵਿਤਾ

### ਰੁੱਖ ਤੇ ਬਾਬੇ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਰੁੱਖ ਲਾ ਬਾਬੇ ਉਮਰ ਬਿਤਾਂਦੇ।
ਆਪਣੇ ਹੱਥੀਂ ਪਾਣੀ ਪਾਉਂਦੇ।
ਖੂਹਾਂ ਤੇ ਰੁੱਖ ਲਾਉਣ ਬਾਬੇ।
ਵਾੜ ਕਰ ਗੇੜੀ ਲਾਉਣ ਬਾਬੇ।
ਖਾਲੀ ਪੁਟੀ ਸੀ ਚਾਰ ਚਫੇਰੇ।
ਪਾਣੀ ਭਰਦੀ ਵਾ ਬਾਬੇ ਮੇਰੇ।
ਪੰਛੀ ਉੱਤੇ ਕਰਿਆ ਟਿਕਾਣਾ।
ਇਕਠਾ ਕੀਤਾ ਆਪਣਾ ਲਾਣਾ।
ਪਖੇਰੂ ਪੰਛੀ ਮੌਜਾਂ ਲੱਗੀਆਂ।
ਗੂੜ੍ਹੇ ਛਾਂਵੀ ਬੱਝੀਆਂ ਮੱਝੀਆਂ।
ਰੁੱਖ ਤੇ ਬਾਬੇ ਮੁਢੋਂ ਹਾਣੀ।
ਪਾਵੇ ਸੁੱਭਾ ਨੂੰ ਬਾਬਾ ਪਾਣੀ।

# ਸਾਉਣੀ ਰੁੱਤ ਤੋਂ ਬਾਅਦ ਖੇਤੀ ਮਸ਼ੀਨਰੀ ਦੀ ਸੰਭਾਲ ਲਈ ਜ਼ਰੂਰੀ ਨੁਕਤੇ

**ਅਸੀਮ ਵਰਮਾ ਅਤੇ ਮਹੇਸ਼ ਕੁਮਾਰ ਨਾਰੰਗ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94171-89222)**

**ਟਰੈਕਟਰ ਦੀ ਤਰ੍ਹਾਂ ਕੰਬਾਈਨ ਹਾਰਵੈਸਟਰ ਵੀ ਇੱਕ ਮਹਿੰਗੀ ਮਸ਼ੀਨ ਹੈ। ਸਵੈਚਾਲਤ ਕੰਬਾਈਨ ਵਿੱਚ ਇੰਜਨ ਕੰਬਾਈਨ ਦਾ ਇੱਕ ਹਿੱਸਾ ਹੁੰਦਾ ਹੈ। ਇਸ ਲਈ ਸਾਨੂੰ ਟਰੈਕਟਰ ਦੀ ਸੰਭਾਲ ਦੇ ਨਾਲ-ਨਾਲ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।**

1. ਕੰਬਾਈਨ ਵਿੱਚ ਦਾਨਿਆਂ ਵਾਲੇ ਟੈਂਕ, ਕਨਵੇਅਰ, ਸਟ੍ਰਾਅ ਵਾਕਰਾਂ ਅਤੇ ਛਾਨਣੇ ਆਦਿ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ। ਜੇਕਰ ਕੰਬਾਈਨ ਨੂੰ ਸਾਫ਼ ਨਾ ਕੀਤਾ ਗਿਆ ਤਾਂ ਉਹ ਚੂਹਿਆਂ ਦਾ ਘਰ ਬਣ ਸਕਦੀ ਹੈ ਅਤੇ ਚੂਹੇ ਤੁਹਾਡੀ ਕੰਬਾਈਨ ਦੇ ਇਲੈਕਟ੍ਰੀਕਲ ਸਿਸਟਮ ਅਤੇ ਪਾਇਪਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।





2. ਕੰਬਾਈਨ ਅਤੇ ਅਟੈਚਮੈਂਟ ਸੁਪਰ ਐਸ. ਐਮ. ਐਸ. ਵਿੱਚ ਜ਼ਿਆਦਾ ਕੰਮ ਚਾਦਰ (ਸ਼ੀਟ ਮੈਟਲ) ਦਾ ਹੁੰਦਾ ਹੈ, ਜਿਸਨੂੰ ਕਿ ਨਮੀਂ ਕਾਰਨ ਜੰਗ ਲੱਗ ਸਕਦਾ ਹੈ। ਇਸ ਲਈ ਅਤਿ ਜ਼ਰੂਰੀ ਹੈ ਕਿ ਮਸ਼ੀਨ ਨੂੰ ਕਿਸੇ ਸ਼ੈੱਡ ਅੰਦਰ ਖੜ੍ਹਾ ਕਰੋ ਜਾਂ ਉਸਨੂੰ ਕਿਸੇ ਪਲਾਸਟਿਕ ਸ਼ੀਟ ਨਾਲ ਢੱਕ ਦਿਓ ਅਤੇ ਜਿਸ ਜਗ੍ਹਾਂ ਤੋਂ ਰੰਗ ਲੱਥਾ ਹੈ, ਉੱਥੇ ਰੰਗ ਕਰ ਦਿਓ।

3. ਜੇਕਰ ਸੰਭਵ ਹੋਵੇ ਤਾਂ ਮਸ਼ੀਨ ਦੀ ਰਿਪੇਅਰ ਸੀਜ਼ਨ ਖਤਮ ਹੋਣ ਤੋਂ ਬਾਅਦ, ਸਟੋਰ ਕਰਨ ਤੋਂ ਪਹਿਲਾਂ ਹੀ ਕਰ ਦੇਣੀ ਚਾਹੀਦੀ ਹੈ, ਕਿਉਂਕਿ ਉਸ ਸਮੇਂ ਸਾਨੂੰ ਉਸਦੇ ਪੁਰਜਿਆਂ ਬਾਰੇ ਗਿਆਨ ਹੁੰਦਾ ਹੈ ਕਿ ਕਿਹੜੇ ਬਦਲਣ ਵਾਲੇ ਹਨ ਜਾਂ ਮੁਰੰਮਤ ਹੋਣ ਵਾਲੇ ਹਨ। ਜੇਕਰ ਮੁਰੰਮਤ ਸੰਭਵ ਨਾ ਹੋਵੇ ਤਾਂ ਉਸਦੇ ਨੁਕਸ ਅਤੇ ਪੁਰਜਿਆਂ ਦੀ ਲਿਸਟ ਬਣਾ ਲੈਣੀ ਚਾਹੀਦੀ ਹੈ ਤਾਂ ਕਿ ਵਿਹਲੇ ਸਮੇਂ ਤੇ ਮੁਰੰਮਤ ਕਰਵਾਈ ਜਾ ਸਕੇ।

4. ਸਾਰੀਆਂ ਬੈਲਟਾਂ ਨੂੰ ਉਤਾਰ ਕੇ ਨਿਸ਼ਾਨ ਚਿੰਨ ਲਗਾ ਕੇ ਸਾਂਭ ਦੇਣਾ ਚਾਹੀਦਾ ਹੈ ਤਾਂ ਕਿ ਦੁਬਾਰਾ ਵਰਤਨ ਸਮੇਂ ਸਹੂਲਤ ਰਹੇ।

5. ਚੈਨਾਂ ਨੂੰ ਚੰਗੀ ਤਰ੍ਹਾਂ ਡੀਜ਼ਲ ਨਾਲ ਸਾਫ਼ ਕਰਕੇ ਇੰਨਾਂ ਤੇ ਗਰੀਸ ਕਰ ਦੇਣੀ ਚਾਹੀਦੀ ਹੈ।

6. ਰਗੜ ਖਾਣ ਵਾਲੇ ਹਿੱਸਿਆਂ ਨੂੰ ਤੇਲ ਦੇਣਾ ਚਾਹੀਦਾ ਹੈ ਅਤੇ ਗਰੀਸ ਵਾਲੇ ਨੱਕਿਆਂ ਨੂੰ ਸਾਫ਼ ਕਰਕੇ, ਨਵੀਂ ਗਰੀਸ ਭਰ ਦੇਣੀ ਚਾਹੀਦੀ ਹੈ।

ਇਸ ਤੋਂ ਬਾਅਦ ਸਾਡੇ ਕੋਲ ਉਹ ਮਸ਼ੀਨਾਂ ਹਨ ਜਿਹੜੀਆਂ ਕਿ ਟਰੈਕਟਰ ਨਾਲ ਚੱਲਦੀਆਂ ਹਨ। ਉਹਨਾਂ ਦੀ ਸੰਭਾਲ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੋ।

1. ਬਿਜਾਈ ਵਾਲੀਆਂ ਮਸ਼ੀਨਾਂ ਵਿੱਚੋਂ ਬੀਜ/ਖਾਦ ਕੱਢ ਕੇ ਚੰਗੀ ਤਰ੍ਹਾਂ ਸਾਫ਼ ਕਰਕੇ, ਪੁਰਾਣੇ ਤੇਲ ਦਾ ਲੇਪ ਕਰ ਦਿਓ। ਜੇਕਰ ਮਸ਼ੀਨ ਵਿੱਚ ਬੀਜ/ਖਾਦ ਰਹਿ ਜਾਵੇਗੀ ਤਾਂ ਇਹ ਤੁਹਾਡੇ ਬੀਜ/ਖਾਦ ਦੇ ਹਾਪਰ ਅਤੇ ਬੀਜ/ਖਾਦ ਮਾਪਣ ਵਾਲੇ ਯੰਤਰ ਨੂੰ ਖਰਾਬ ਕਰ ਸਕਦੀ ਹੈ ਅਤੇ ਲੋੜ ਸਮੇਂ ਮਸ਼ੀਨ ਸਹੀ ਕੰਮ ਨਹੀਂ ਕਰੇਗੀ।

2. ਮਿੱਟੀ ਵਿੱਚ ਚੱਲਣ ਵਾਲੇ ਮਸ਼ੀਨਾਂ ਦੇ ਪੁਰਜੇ ਜਿਵੇਂ ਕਲਟੀਵੇਟਰ ਅਤੇ ਬਿਜਾਈ ਮਸ਼ੀਨ ਦੇ ਫਾਲੇ, ਹੈਰੋ ਦੀਆਂ ਤਵੀਆਂ, ਰੋਟਾਵੇਟਰ, ਪਰਾਲੀ ਚੌਪਰ, ਪੁਟਾਈ ਕਰਨ ਵਾਲੀਆਂ ਮਸ਼ੀਨਾਂ ਆਦਿ ਦੇ ਬਲੇਡ ਅਤੇ ਕਟਾਈ ਮਸ਼ੀਨਾਂ ਦੇ ਕਟਰਬਾਰ ਆਦਿ ਨੂੰ ਧੋ ਕੇ ਸਾਫ਼ ਕਰੋ ਅਤੇ ਜੰਗਾਲ ਤੋਂ ਬਚਾਉਣ ਲਈ ਗਰੀਸ ਜਾਂ ਪੁਰਾਣੇ ਤੇਲ ਦਾ ਲੇਪ ਜ਼ਰੂਰ ਕਰੋ।

3. ਮਸ਼ੀਨ ਨੂੰ ਲੱਕੜ ਦੇ ਗੁਟਕਿਆਂ ਜਾਂ ਇੱਟਾਂ ਉੱਪਰ ਰੱਖਣਾ ਚਾਹੀਦਾ ਹੈ ਤਾਂ ਕਿ ਮਿੱਟੀ ਨਾਲ ਸੰਪਰਕ ਨਾ ਰਹੇ।

4. ਸਪਰੇਅ ਪੰਪ ਨੂੰ ਵਰਤਣ ਤੋਂ ਬਾਅਦ ਸਾਫ਼ ਪਾਣੀ ਨਾਲ ਧੋਵੋ ਅਤੇ ਸਾਫ਼ ਪਾਣੀ ਪਾ ਕੇ ਚਲਾਓ। ਫਿਰ ਪਾਣੀ ਖਾਲੀ ਕਰਕੇ ਚਲਾਓ ਤਾਂ ਕਿ ਪਾਈਪਾਂ ਵਿੱਚੋਂ ਪਾਣੀ ਨਿਕਲ ਜਾਵੇ ਅਤੇ ਫੇਰ ਇਸ ਨੂੰ ਸੁਕਾ ਕੇ ਸਟੋਰ ਕਰੋ।

5. ਪਲਾਸਟਿਕ ਦੀਆਂ ਪਾਈਪਾਂ, ਰਬਰ ਤੇ ਪੁਰਜਿਆਂ/ਬੈਲਟਾਂ ਆਦਿ ਨੂੰ ਉਤਾਰ ਕੇ ਸਿੱਧੀ ਸੂਰਜੀ ਰੋਸ਼ਨੀ ਤੋਂ ਦੂਰ ਰੱਖੋ।

ਜੇਕਰ ਅਸੀਂ ਉੱਪਰ ਦੱਸੀਆਂ ਗੱਲਾਂ ਦਾ ਧਿਆਨ ਰੱਖਾਂਗੇ ਤਾਂ ਮਸ਼ੀਨ ਦੀ ਉਮਰ ਵਿੱਚ ਵਾਧਾ ਹੋਵੇਗਾ ਅਤੇ ਜ਼ਰੂਰਤ ਸਮੇਂ ਸਾਨੂੰ ਮਸ਼ੀਨਾਂ ਤਿਆਰ ਬਰ ਤਿਆਰ ਅਤੇ ਸਹੀ ਹਾਲਤ ਵਿੱਚ ਮਿਲਣਗੀਆਂ ਅਤੇ ਅਗਲੇ ਸੀਜ਼ਨ ਦੇ ਦੌਰਾਨ ਕੋਈ ਮੁਸ਼ਕਲ ਨਹੀਂ ਆਵੇਗੀ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 400 ਰੁਪਏ
ਦੋ ਸਾਲ 700 ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਮੱਧ ਪੂਰਬ ਏਸ਼ੀਆ ਦੇ ਲੋਕਾਂ ਨੂੰ ਕਦੋਂ ਨਸੀਬ ਹੋਵੇਗੀ - ਸ਼ਾਂਤੀ

**ਮੱਧ ਪੂਰਬ ਏਸ਼ੀਆ ਤੁਰਕੀ ਤੋਂ ਸ਼ੁਰੂ ਹੁੰਦਾ ਹੈ ਜਿਸ ਦੇ ਕੁਝ ਇਲਾਕੇ ਨੂੰ ਯੂਰੋਪ ਦਾ ਹਿੱਸਾ ਮੰਨਿਆ ਜਾਂਦਾ ਹੈ । ਇੱਥੇ ਹੁਣ ਲੋਕਰਾਜ ਕਾਇਮ ਹੋ ਚੁੱਕਾ ਹੈ ਭਾਵੇਂ ਕਿ ਇਸ ਉੱਤੇ ਪੂਰਾ ਫ਼ੌਜੀ ਪ੍ਰਭਾਵ ਹੈ । ਇਸ ਸਮੇਂ ਮੱਧ ਪੂਰਬ ਏਸ਼ੀਆ ਦਾ ਇਸ ਨੂੰ ਸਭ ਤੋਂ ਸ਼ਕਤੀਸ਼ਾਲੀ ਦੇਸ਼ ਆਖਿਆ ਜਾ ਸਕਦਾ ਹੈ । ਹੁਣੇ ਭਾਰਤ ਦੇ ਪਾਕਿਸਤਾਨ ਨਾਲ ਹੋਏ ਝਗੜੇ ਵਿੱਚ ਇਸ ਦੇਸ਼ ਨੂੰ ਪਾਕਿਸਤਾਨ ਦੀ ਸਿੱਧੀ ਹਿਮਾਇਤ ਕੀਤੀ ਸੀ । ਸਮੁੰਦਰ ਦੇ ਕੰਢੇ ਇਹ ਇਕ ਖ਼ੂਬਸੂਰਤ ਬੰਦਰਗਾਹ ਹੈ । ਏਸ਼ੀਆ ਪਾਸਿਉਂ ਇਸ ਨੂੰ ਯੂਰੋਪ ਦਾ ਦੁਆਰ ਵੀ ਆਖਿਆ ਜਾਂਦਾ ਹੈ ।**



ਡਾ. ਰਣਜੀਤ ਸਿੰਘ

ਮੱਧ ਪੂਰਬ ਏਸ਼ੀਆ ਸੰਸਾਰ ਦੇ ਉਨ੍ਹਾਂ ਕੁਝ ਕੁ ਖਿੱਤਿਆਂ ਵਿੱਚੋਂ ਹੈ ਜਿੱਥੇ ਸੱਭਿਅਤਾ ਦਾ ਵਿਕਾਸ ਹੋਇਆ । ਮਨੁੱਖ ਨੇ ਜੰਗਲਾਂ ਵਿੱਚੋਂ ਨਿਕਲ ਘਰ ਵਸਾ ਕੇ ਰਹਿਣਾ ਸ਼ੁਰੂ ਕੀਤਾ ਅਤੇ ਖੇਤੀ ਦਾ ਧੰਦਾ ਅਪਨਾਇਆ । ਕਣਕ ਦੀ ਖੇਤੀ ਵੀ ਇਸੇ ਖਿੱਤੇ ਵਿੱਚ ਸ਼ੁਰੂ ਹੋਈ ਮੰਨੀ ਜਾਂਦੀ ਹੈ । ਭਾਰਤ ਵਿੱਚ ਕਣਕ ਦੀ ਆਮਦ ਵੀ ਇਸੇ ਖਿੱਤੇ ਵਿੱਚੋਂ ਆਈ ਮੰਨੀ ਜਾਂਦੀ ਹੈ । ਕਿਉਂਕਿ ਪਹਿਲਾਂ ਭਾਰਤੀ ਜੌਆਂ ਦੀ ਖੇਤੀ ਕਰਦੇ ਸਨ । ਇਹ ਖਿੱਤਾ ਆਪਣੀ ਖੇਤੀ ਅਤੇ ਬਗੀਚਿਆਂ ਲਈ ਪ੍ਰਸਿੱਧ ਹੈ । ਸੰਸਾਰ ਦੇ ਸਭ ਤੋਂ ਵੱਧ ਮੰਨੇ ਜਾਂਦੇ ਦੋਵੇਂ ਧਰਮ ਵੀ ਇੱਥੇ ਹੀ ਪਫ਼ੁਲਿਤ ਹੋਏ ਤੇ ਇਨ੍ਹਾਂ ਦੋਹਾਂ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੇ ਲਗਭਗ ਸਾਰੇ ਸੰਸਾਰ ਵਿੱਚ ਹੀ ਰਾਜ ਕੀਤਾ । ਇਹ ਵੀ ਮੰਨਿਆ ਜਾਂਦਾ ਹੈ ਕਿ ਅਸੀਂ ਆਰੀਆ ਲੋਕ ਵੀ ਇਸੇ ਖਿੱਤੇ ਵਿੱਚੋਂ ਭਾਰਤ ਆਏ ਸਾਂ । ਗਿਆਰਵੀਂ ਸਦੀ ਵਿੱਚ ਇਸੇ ਪਾਸਿਆਂ ਮੁੜ ਭਾਰਤ ਉੱਤੇ ਹਮਲੇ ਹੋਣ ਲੱਗੇ ਅਤੇ ਭਾਰਤ ਦੀ ਲੁੱਟ ਸ਼ੁਰੂ ਹੋ ਗਈ । ਇੱਥੋਂ ਹੀ ਆ ਕੇ ਹਮਲਾਵਰਾਂ ਨੇ ਭਾਰਤ ਉੱਤੇ ਕਈ ਸਦੀਆਂ ਰਾਜ ਕੀਤਾ । ਸੰਸਾਰ ਦੇ ਹੋਰ ਦੇਸ਼ਾਂ ਵਾਂਗ ਇਸ ਖਿੱਤੇ ਦੇ ਦੇਸ਼ਾਂ ਵਿੱਚ ਵੀ ਬਾਦਸ਼ਾਹ ਹੀ ਰਾਜ ਕਰਦੇ ਸਨ । ਸੰਸਾਰ ਦੇ ਗੁਲਾਮ ਦੇਸ਼ਾਂ ਨੇ ਜਦੋਂ ਅਜ਼ਾਦੀ ਲਈ ਲੜਾਈ ਸ਼ੁਰੂ ਕੀਤੀ ਤਾਂ ਇੱਥੋਂ ਦੇ ਲੋਕਾਂ ਨੇ ਵੀ ਰਾਜਿਆਂ ਵਿਰੁੱਧ ਬਗਾਵਤ ਦਾ ਰਾਹ ਫੜਿਆ । ਇਹ ਲੋਕ ਆਪਣੀ ਖ਼ੂਬਸੂਰਤੀ ਲਈ ਪ੍ਰਸਿੱਧ ਹਨ । ਇੱਥੋਂ ਦੀਆਂ ਹੂਰਾਂ, ਖਜੂਰਾਂ ਅਤੇ ਖ਼ੁਸ਼ਕ ਮੇਵੇ ਤੇ ਹੋਰ ਫ਼ਲ ਸਾਰੇ ਸੰਸਾਰ ਵਿੱਚ ਜਾਣੇ ਜਾਂਦੇ ਹਨ । ਪਹਿਲੀ ਤੇ ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ ਫ਼ੌਜਾਂ ਇਸ ਖਿੱਤੇ ਰਾਹੀਂ ਹੀ ਯੂਰੋਪ ਪੁੱਜੀਆਂ ਸਨ । ਹੌਲੀ-ਹੌਲੀ ਇਨ੍ਹਾਂ ਦੇਸ਼ਾਂ ਵਿੱਚ ਰਾਜ ਪਲਟੇ ਹੋਏ ਅਤੇ ਬਾਦਸ਼ਾਹਾਂ ਦੀ ਥਾਂ ਤਾਨਾਸ਼ਾਹੀ ਅਗਵਾਈ ਹੇਠ ਅਖੌਤੀ ਲੋਕਰਾਜ ਸਥਾਪਤ ਹੋਏ ।

ਦੂਜੇ ਸੰਸਾਰ ਯੁੱਧ ਪਿੱਛੋਂ ਇਜਰਾਈਲ ਨਾਮ ਹੇਠ ਜਹੂਦੀਆਂ ਲਈ ਨਵਾਂ ਦੇਸ਼ ਹੋਂਦ ਵਿੱਚ ਆਇਆ । ਇਨ੍ਹਾਂ ਲੋਕਾਂ ਦੀ ਸੰਸਾਰ ਦੇ ਹਰ ਖੇਤਰ ਵਿੱਚ ਤੂਤੀ ਬੋਲਦੀ ਹੈ । ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਸ ਦੇਸ਼ ਦੀ ਫ਼ੌਜ ਦੀ ਟੱਕਰ ਆਪਣੇ ਗੁਆਂਢੀ ਦੇਸ਼ਾਂ ਜਿਨ੍ਹਾਂ ਵਿੱਚ ਸੀਰੀਆ, ਫ਼ਲਸਤੀਨ ਅਤੇ ਲਿਬਨਾਨ ਪ੍ਰਮੁੱਖ ਹਨ ਚੱਲਦੀ ਹੀ ਰਹਿੰਦੀ ਹੈ । ਹਜ਼ਾਰਾਂ ਬੇਦੋਸ਼ੇ ਲੋਕ ਇਸ ਟੱਕਰ ਵਿੱਚ ਹੁਣ ਵੀ ਆਪਣੀਆਂ ਜਾਨਾਂ ਵਾਰ ਰਹੇ ਹਨ । ਗਾਜਾ ਪੱਟੀ ਵਿੱਚ ਤਾਂ ਲੋਕਾਂ ਨੂੰ ਭੋਜਨ ਦੀ ਥਾਂ ਗੋਲੀਆਂ ਅਤੇ ਬੰਬ ਹੀ ਨਸੀਬ ਹੋ ਰਹੇ ਹਨ ।

ਜਦੋਂ ਤੋਂ ਇੱਥੇ ਤੇਲ ਦੇ ਭੰਡਾਰ ਮਿਲੇ ਹਨ, ਸੰਸਾਰ ਦੀਆਂ ਮੁੱਖ ਤਾਕਤਾਂ ਨੇ ਆਪਣੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੈ । ਇਜਰਾਈਲ ਭਾਵੇਂ ਸਭ ਤੋਂ ਛੋਟਾ ਦੇਸ਼ ਹੈ ਪਰ ਫ਼ੌਜੀ ਅਤੇ ਆਰਥਿਕ ਪੱਖੋਂ ਸਭ ਤੋਂ ਮਜ਼ਬੂਤ ਦੇਸ਼ ਬਣ ਗਿਆ ਹੈ । ਇਸ ਨੂੰ ਅਮਰੀਕਾ ਅਤੇ ਹੋਰ ਯੂਰਪੀ ਦੇਸ਼ਾਂ ਦੀ ਪੂਰੀ ਹਿਮਾਇਤ ਪ੍ਰਾਪਤ ਹੈ । ਇਸ ਦੀ ਗੁਆਂਢੀਆਂ ਨਾਲ ਲੜਾਈ ਚੱਲਦੀ ਹੀ ਰਹਿੰਦੀ ਹੈ ਕਿਉਂਕਿ ਫਲਸਤੀਨੀ ਬਾਗੀਆਂ ਦੇ ਅੱਡੇ ਇਨ੍ਹਾਂ ਦੇਸ਼ਾਂ ਵਿੱਚ ਹਨ । ਇਸ ਵਾਰ ਤਾਂ ਇਸ ਦੀ ਮਾਰ ਇਰਾਨ ਤੱਕ ਪਹੁੰਚ ਗਈ ਹੈ ।



ਇਨ੍ਹਾਂ ਸਾਰੇ ਦੇਸ਼ਾਂ ਵਿੱਚ ਅੰਦਰੂਨੀ ਮਾਹੌਲ ਅਸ਼ਾਂਤ ਹੀ ਰਿਹਾ ਹੈ । ਇਸ ਅਸ਼ਾਂਤੀ ਦਾ ਕਾਰਨ ਤਿੰਨ ਮੁੱਖ ਤਾਕਤਾਂ ਦੀ ਸੱਤਾ ਪ੍ਰਾਪਤੀ ਲਈ ਕੋਸ਼ਿਸ਼ ਹੈ । ਇਨ੍ਹਾਂ ਤਿੰਨਾਂ ਹੀ ਧਿਰਾਂ ਨੂੰ ਵਿਦੇਸ਼ੀ ਹਮਾਇਤ ਪ੍ਰਾਪਤ ਹੈ ਜਿਸ ਕਰਕੇ ਇਹ ਅੰਦਰੂਨੀ ਬਗਾਵਤਾਂ ਦੀਆਂ ਘਾੜਤਾਂ ਘੜਦੇ ਹੀ ਰਹਿੰਦੇ ਹਨ । ਇਨ੍ਹਾਂ ਵਿੱਚੋਂ ਪ੍ਰਮੁੱਖ ਇਸਲਾਮਿਕ ਕੱਟੜਵਾਦੀ ਧੜੇ ਹਨ ਜਿਹੜੇ ਲਿਬਨਾਨ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਫੈਲੇ ਹੋਏ ਹਨ । ਹੁਣ ਬਲੋਚਿਸਤਾਨ ਵਿੱਚ ਵੀ ਬਗਾਵਤੀ ਸੁਰਾਂ ਤੇਜ਼ ਹੋਣ ਲੱਗੀਆਂ ਹਨ । ਦੂਜਾ ਧੜਾ ਆਪਣੇ ਆਪ ਨੂੰ ਸਮਾਜਵਾਦੀ ਤਾਨਾਸ਼ਾਹੀ ਦਾ ਨੁਮਾਇੰਦਾ ਮੰਨਦਾ ਹੈ । ਇਸ ਧੜੇ ਨੂੰ ਰੂਸ ਦੀ ਹਿਮਾਇਤ ਹਾਸਲ ਹੈ ਪਰ ਰੂਸ ਦੇ ਟੁਟਣ ਨਾਲ ਅਤੇ ਹੁਣ ਯੂਕਰੇਨ ਨਾਲ ਯੁੱਧ ਕਾਰਨ ਰੂਸੀ ਹਮਾਇਤ ਕਮਜ਼ੋਰ ਹੋ ਗਈ ਹੈ । ਇਸ ਸੋਚ ਵਾਲੀ ਬਾਥ ਪਾਰਟੀ ਨੇ ਸੀਰੀਆ ਅਤੇ ਇਰਾਕ ਉਤੇ ਰਾਜ ਕਾਇਮ ਕੀਤਾ । ਸੀਰੀਆ ਵਿੱਚ ਅਸਦ ਪਰਿਵਾਰ ਦਾ ਰਾਜ ਅੰਦਰੂਨੀ ਬਗਾਵਤ ਕਾਰਨ ਪਿਛਲੇ ਸਾਲ ਕੋਈ ਅੱਧੀ ਸਦੀ ਪਿੱਛੋਂ ਖਤਮ ਹੋ ਗਿਆ ਹੈ ਜਦੋਂ ਕਿ ਇਰਾਕ ਵਿੱਚ ਅਮਰੀਕਾ ਦੀ ਸਿੱਧੀ ਦਖਲਅੰਦਾਜ਼ੀ ਨਾਲ ਸਦਾਮ ਹੁਸੈਨ ਦਾ ਖਤਮ ਕੀਤਾ ਗਿਆ ਸੀ ਤੇ ਉਸ ਨੂੰ ਫ਼ਾਂਸੀ ਦੀ ਸਜਾ ਸੁਣਾਈ ਗਈ । ਅਮਰੀਕੀ ਹਿਮਾਇਤ ਪ੍ਰਾਪਤ ਧਿਰਾਂ ਦੇ ਦਬਦਬੇ ਵਿੱਚ ਵਾਧਾ ਹੋ ਰਿਹਾ ਹੈ ।

ਮੱਧ ਪੂਰਬ ਏਸ਼ੀਆ ਤੁਰਕੀ ਤੋਂ ਸ਼ੁਰੂ ਹੁੰਦਾ ਹੈ ਜਿਸ ਦੇ ਕੁਝ ਇਲਾਕੇ ਨੂੰ ਯੂਰੋਪ ਦਾ ਹਿੱਸਾ ਮੰਨਿਆ ਜਾਂਦਾ ਹੈ । ਇੱਥੇ ਹੁਣ ਲੋਕਰਾਜ ਕਾਇਮ ਹੋ ਚੁੱਕਾ ਹੈ ਭਾਵੇਂ ਕਿ ਇਸ ਉੱਤੇ ਪੂਰਾ ਫ਼ੌਜੀ ਪ੍ਰਭਾਵ ਹੈ । ਇਸ ਸਮੇਂ ਮੱਧ ਪੂਰਬ ਏਸ਼ੀਆ ਦਾ ਇਸ ਨੂੰ ਸਭ ਤੋਂ ਸ਼ਕਤੀਸ਼ਾਲੀ ਦੇਸ਼ ਆਖਿਆ ਜਾ ਸਕਦਾ ਹੈ । ਹੁਣੇ ਭਾਰਤ ਦੇ ਪਾਕਿਸਤਾਨ ਨਾਲ ਹੋਏ ਝਗੜੇ ਵਿੱਚ ਇਸ ਦੇਸ਼ ਨੂੰ ਪਾਕਿਸਤਾਨ ਦੀ ਸਿੱਧੀ ਹਿਮਾਇਤ ਕੀਤੀ ਸੀ । ਸਮੁੰਦਰ ਦੇ ਕੰਢੇ ਇਹ ਇਕ ਖ਼ੂਬਸੂਰਤ ਬੰਦਰਗਾਹ ਹੈ । ਏਸ਼ੀਆ ਪਾਸਿਉਂ ਇਸ ਨੂੰ ਯੂਰੋਪ ਦਾ ਦੁਆਰ ਵੀ ਆਖਿਆ ਜਾਂਦਾ ਹੈ । ਇਸ ਦੇ ਨਾਲ ਲੱਗਦਾ ਦੂਜਾ ਦੇਸ਼ ਲਿਬਨਾਨ ਹੈ । ਇਸ ਨੂੰ ਏਸ਼ੀਆ ਦਾ ਸਵਿਟਜ਼ਰਲੈਂਡ ਵੀ ਆਖਿਆ ਜਾਂਦਾ ਹੈ । ਇੱਕ ਪਾਸੇ ਸਮੁੰਦਰ ਤੇ ਦੂਜੇ ਪਾਸੇ ਉੱਚੀਆਂ ਪਹਾੜੀਆਂ ਹਨ । ਬਹੁਤ ਹੀ ਪ੍ਰਸਿੱਧ ਸੈਰਗਾਹ ਹੈ । ਪਰ ਜਦੋਂ ਤੋਂ ਇਜਰਾਈਲ ਹੋਂਦ ਵਿੱਚ ਆਇਆ ਉਦੋਂ ਤੋਂ ਇਸ ਉੱਤੇ ਬਾਗੀਆਂ ਨੂੰ ਕਾਬੂ ਕਰਨ ਦੇ ਨਾਮ ਤੇ ਇਹ ਦੇਸ਼ ਹਮਲੇ ਕਰਦਾ ਰਹਿੰਦਾ ਹੈ ।

ਲਿਬਨਾਨ ਦੀ ਰਾਜਧਾਨੀ ਬਰੂਤ ਬਹੁਤ ਖ਼ੂਬਸੂਰਤ ਸੈਰਗਾਹ ਹੈ । ਸੰਸਾਰ ਦੀਆਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਇੱਥੇ ਹਨ । ਇਨ੍ਹਾਂ ਦੋਵਾਂ ਦੇਸ਼ਾਂ ਨਾਲ ਸਾਂਝੀਆਂ ਸਰਹੱਦਾਂ ਵਾਲਾ ਦੇਸ਼ ਸੀਰੀਆ ਹੈ । ਤੁਰਕੀ ਤੋਂ ਬਰੂਤ ਨੂੰ ਜਾਂਦਿਆਂ ਸਮੁੰਦਰ ਕੰਢੇ ਵਾਲੀ ਸੜਕ ਸੀਰੀਆ ਦੇ ਕੁੱਝ ਹਿੱਸੇ ਵਿੱਚੋਂ ਲੰਘਦੀ ਹੈ । ਸੀਰੀਆ ਖੇਤੀ ਵਿਸ਼ੇਸ਼ ਕਰਕੇ ਦਾਲਾਂ ਦੀ ਖੇਤੀ ਲਈ ਪ੍ਰਸਿੱਧ ਹੈ । ਸੀਰੀਆ ਤੋਂ ਅਗਲਾ ਦੇਸ਼ ਇਰਾਕ ਹੈ । ਜਿਸ ਦੀਆਂ ਸਰਹੱਦਾਂ ਸੀਰੀਆ, ਤੁਰਕੀ, ਇਰਾਨ ਅਤੇ ਕੁਵੈਤ ਨਾਲ ਲੱਗਦੀਆਂ ਹਨ । ਇਸ ਦੇ ਤਿੰਨ ਬੜੇ ਸ਼ਹਿਰ ਮੌਸਲ, ਬਗਦਾਦ ਤੇ ਬਸਰਾ ਹਨ । ਖੁਰਦੀ ਲੋਕਾਂ ਦੀ ਵਸੋਂ ਵਾਲਾ ਸ਼ਹਿਰ ਕਿਰਕੂਕ ਹੈ ਜਿੱਥੇ ਵਧੀਆ ਤੇਲ ਦਾ ਭੰਡਾਰ ਹੈ । ਇਸਲਾਮ ਦੇ ਸ਼ੀਆ ਫ਼ਿਰਕੇ ਦਾ ਪਵਿੱਤਰ ਸ਼ਹਿਰ ਕਰਬਲਾ, ਬੈਬੀਲੋਨ ਦੇ ਲਟਕਦੇ ਬਗੀਚੇ ਇੱਥੇ ਹੀ ਹਨ । ਇਸ ਦੇ ਦੋ ਦਰਿਆ ਦਜਲਾ ਅਤੇ ਫ਼ਰਾਤ ਸੀਰੀਆ ਪਾਸੇ ਤੋਂ ਹੀ ਆਉਂਦੇ ਹਨ । ਬਸਰੇ ਲਾਗੇ ਜਾ ਕੇ ਦੋਵੇਂ ਦਰਿਆ ਇੱਕ ਹੋ ਕੇ ਅਰਬ ਸਾਗਰ ਵਿੱਚ ਚਲੇ ਜਾਂਦੇ ਹਨ । ਦੋਵਾਂ ਦਰਿਆਵਾਂ ਵਿਚਲੇ ਇਲਾਕੇ ਨੂੰ ਮੈਸੋਪੋਟਮੀਆ ਆਖਿਆ ਜਾਂਦਾ ਹੈ ਜਿਸ ਦਾ ਅਰਥ ਦੁਆਬਾ ਹੈ । ਇਸ ਖਿੱਤੇ ਨੂੰ ਸੰਸਾਰ ਵਿੱਚ ਸੱਭਿਆਚਾਰਕ ਵਿਕਾਸ ਦਾ ਮੁੱਢਲਾ ਕੇਂਦਰ ਮੰਨਿਆ ਜਾਂਦਾ ਹੈ । ਇਰਾਕ ਦੇ ਨਾਲ ਲੱਗਦਾ ਸਮੁੰਦਰ ਕੰਢੇ ਇੱਕੋ ਸ਼ਹਿਰ ਵਾਲਾ ਨਿੱਕਾ ਜਿਹਾ ਦੇਸ਼ ਕੁਵੈਤ ਹੈ । ਇਸ ਕੋਲ ਤੇਲ ਦੇ ਭੰਡਾਰ ਹੋਣ ਕਰਕੇ ਅਮੀਰ ਰਿਆਸਤ ਹੈ । ਸਦਾਮ ਹੁਸੈਨ ਨੇ ਕਦੇ ਇਸ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਅਮਰੀਕੀ ਫ਼ੌਜਾਂ ਨੇ ਕੇਵਲ ਕੁਵੈਤ ਹੀ ਅਜ਼ਾਦ ਨਹੀਂ ਕਰਵਾਇਆ ਸਗੋਂ ਸਦਾਮ ਹੁਸੈਨ ਨੂੰ ਵੀ ਸੂਲੀ ਉੱਤੇ ਟੰਗ ਦਿੱਤਾ ਅਤੇ ਇੱਥੇ ਆਪਣੀ ਕਠਪੁਤਲੀ ਸਰਕਾਰ ਕਾਇਮ ਕਰ ਦਿੱਤੀ ਗਈ ।

ਚੱਲਦਾ



## ਜੇ ਇਹ ਸਥਿਤੀ ਹੋਵੇ ਤਾਂ ਸਮਝ ਜਾਵੋ ਕਿ

# ਫਿਜਯੋਥੇਰੇਪਿਸਟ ਨੂੰ ਦਿਖਾਉਣ ਦੀ ਹੈ ਜ਼ਰੂਰਤ

**ਡਾ. ਅੰਤਰਾ ਗੁਪਤਾ (ਮੋ: 9814514487) • ਡਾ. ਰਿਪੁਦਮਨ ਸਿੰਘ (ਮੋ: 9815200134)**
**ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਓਟ, ਪਟਿਆਲਾ**

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਮੌਸਮ ਵਿੱਚ ਬਦਲਾਉ ਦੇ ਨਾਲ ਜੋੜਾਂ ਵਿੱਚ ਦਰਦ ਅਤੇ ਅਕੜਨ ਆਮ ਗੱਲ ਹੈ । ਪਰ ਕਈ ਵਾਰ ਇਹ ਸਮੱਸਿਆਵਾਂ ਇੰਨੀਆਂ ਜ਼ਿਆਦਾ ਵੱਧ ਜਾਂਦੀਆਂ ਹਨ ਕਿ ਵਿਅਕਤੀ ਨੂੰ ਆਰਾਮ ਪਾਉਣ ਲਈ ਦਵਾਈ ਦਾ ਸਹਾਰਾ ਲੈਣਾ ਪੈਂਦਾ ਹੈ । ਜੋੜਾਂ, ਮਾਸਪੇਸ਼ੀਆਂ ਅਤੇ ਹੱਡੀਆਂ ਵਿੱਚ ਦਰਦ ਦੀ ਸਮੱਸਿਆ ਕਿਸੇ ਵੀ ਕਾਰਨ ਹੋ ਸਕਦੀ ਹੈ । ਕਈ ਵਾਰ ਬਚਪਨ ਵਿੱਚ ਲੱਗੀ ਚੋਟ ਜਾਂ ਡਿੱਗਣ ਦੇ ਕਾਰਨ ਇਹ ਪਰੇਸ਼ਾਨੀ ਵੱਧ ਸਕਦੀ ਹੈ ਤਾਂ ਉੱਥੇ ਹੀ, ਕੁੱਝ ਲੋਕਾਂ ਨੂੰ ਸਰਜਰੀ ਜਾਂ ਫਰੈਕਚਰ ਦੇ ਬਾਅਦ ਹੱਡੀਆਂ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ



ਦੀ ਸਮੱਸਿਆ ਵੱਧ ਜਾਂਦੀ ਹੈ । ਅਜਿਹੇ ਵਿੱਚ ਲੋਕ ਅਕਸਰ ਕੰਨਫਿਊਜ਼ ਹੋ ਜਾਂਦੇ ਹਨ ਅਤੇ ਦਵਾਈਆਂ ਉੱਤੇ ਨਿਰਭਰ ਰਹਿਣ ਲੱਗਦੇ ਹਨ, ਜੋ ਕੁੱਝ ਸਮੇਂ ਲਈ ਤਾਂ ਤੁਹਾਨੂੰ ਦਰਦ ਤੋਂ ਰਾਹਤ ਦਿਵਾ ਸਕਦੇ ਹਨ ਲੇਕਿਨ ਸਮੇਂ ਦੇ ਨਾਲ ਇਹ ਦਵਾਈਆਂ ਤੁਹਾਡੀ ਸਿਹਤ ਉੱਤੇ ਭੈੜਾ ਪ੍ਰਭਾਵ ਪਾਉਣ ਲੱਗਦੀਆਂ ਹਨ । ਅਜਿਹੇ ਵਿੱਚ ਜ਼ਰੂਰੀ ਹੈ ਕਿ ਹੱਡੀਆਂ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਹੋਣ ਵਾਲੀ ਸਮੱਸਿਆ ਤੋਂ ਰਾਹਤ ਪਾਉਣ ਲਈ ਤੁਸੀਂ ਫਿਜਯੋਥੇਰੇਪਿਸਟ ਦੀ ਮਦਦ ਲੈ ਸਕਦੇ ਹੋ, ਤਾਂਕਿ ਉਹ ਤੁਹਾਨੂੰ ਦਰਦ ਤੋਂ ਰਾਹਤ ਪਾਉਣ ਦਾ ਠੀਕ ਇਲਾਜ ਦੇ ਸਕਣ ।

### ਫਿਜਯੋਥੇਰੇਪਿਸਟ ਦੇ ਕੋਲ ਕਦੋਂ ਜਾਣਾ ਚਾਹੀਦਾ ਹੈ ?

**1. ਲਗਾਤਾਰ ਦਰਦ ਹੋਣ ਉੱਤੇ**

ਜੇਕਰ ਤੁਹਾਡੇ ਮਾਸਪੇਸ਼ੀਆਂ ਵਿੱਚ ਦਰਦ, ਜੋੜਾਂ ਵਿੱਚ ਅਕੜਨ ਅਤੇ ਹੱਡੀਆਂ ਵਿੱਚ ਕਟਕਟ ਦੀਆਂ ਆਵਾਜ਼ਾਂ ਆਉਂਦੀਆਂ ਹਨ ਤਾਂ ਤੁਹਾਨੂੰ ਫਿਜਯੋਥੇਰੇਪਿਸਟ ਨਾਲ ਮਿਲਣ ਦੀ ਜ਼ਰੂਰਤ ਹੈ । ਤੁਹਾਡੇ ਜੋੜਾਂ, ਮਾਸਪੇਸ਼ੀਆਂ ਅਤੇ ਹੱਡੀਆਂ ਵਿੱਚ ਦਰਦ ਜਾਂ ਅਕੜਨ ਦੀ ਸਮੱਸਿਆ, ਅਕਸਰ ਚੋਟ ਜਾਂ ਖ਼ਰਾਬ ਮੁਦਰਾ ਵਰਗ ਕਾਰਣਾਂ ਕਰਕੇ ਹੋ ਸਕਦੀ ਹੈ । ਅਜਿਹੇ ਵਿੱਚ ਇੱਕ ਫਿਜਯੋਥੇਰੇਪਿਸਟ ਤੁਹਾਡੇ ਦਰਦ ਦੇ ਠੀਕ ਕਾਰਣਾਂ ਦਾ ਪਤਾ ਲਗਾ ਕੇ ਤੁਹਾਨੂੰ ਦਰਦ ਤੋਂ ਆਰਾਮ ਦਿਵਾਉਣ ਵਿੱਚ ਮਦਦ ਕਰ ਸਕਦਾ ਹੈ ।

**2. ਸਰੀਰ ਦਾ ਮੂਵਮੈਂਟ ਘੱਟ ਹੋਣਾ**

ਸਰੀਰ ਦੀ ਗਤੀਸ਼ੀਲਤਾ ਘੱਟ ਹੋਣਾ ਜਾਂ ਸੀਮਿਤ ਹੋਣਾ ਵੀ ਤੁਹਾਡੇ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਤੁਹਾਨੂੰ ਫਿਜਯੋਥੇਰੇਪਿਸਟ ਨੂੰ ਵਿਖਾਉਣ ਦੀ ਜ਼ਰੂਰਤ ਹੈ । ਜੇਕਰ ਤੁਹਾਨੂੰ ਪਹਿਲਾਂ ਲੱਗੀ ਕਿਸੇ ਚੋਟ ਦੇ ਕਾਰਨ ਸਰੀਰ ਵਿੱਚ ਅਕੜਨ, ਕਮਜ਼ੋਰੀ ਜਾਂ ਚਲਣ-ਫਿਰਣ ਜਾਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਪਰੇਸ਼ਾਨੀ ਹੁੰਦੀ ਹੈ ਤਾਂ ਇਸ ਸਮੱਸਿਆਵਾਂ ਤੋਂ ਰਾਹਤ ਦਵਾਉਣ ਵਿੱਚ ਫਿਜਯੋਥੇਰੇਪਿਸਟ ਮਦਦ ਕਰ ਸਕਦਾ ਹੈ । ਫਿਜਯੋਥੇਰੇਪਿਸਟ ਤੁਹਾਡੇ ਹਾਲਤ ਦੇ ਅਨੁਸਾਰ ਠੀਕ ਐਕਸਰਸਾਇਜ ਅਤੇ ਹੋਰ ਫਿਜਿਕਲ ਗਤੀਵਿਧੀਆਂ ਦੇ ਬਾਰੇ ਵਿੱਚ ਦੱਸ ਸਕਦੇ ਹਨ ।

**3. ਸੱਟ ਲੱਗਣ ਉੱਤੇ**

ਜੇਕਰ ਤੁਹਾਨੂੰ ਹਾਲ ਹੀ ਵਿੱਚ ਕਿਸੇ ਤਰ੍ਹਾਂ ਦੀ ਸੱਟ ਲੱਗੀ ਹੈ ਜਾਂ ਫਰੈਕਚਰ ਹੋਇਆ ਹੈ ਜਾਂ ਮੋਚ ਆਈ ਹੈ ਤਾਂ ਤੁਹਾਨੂੰ ਫਿਜਯੋਥੇਰੇਪਿਸਟ ਨਾਲ ਮਿਲਣ ਦੀ ਜ਼ਰੂਰਤ ਹੋ ਸਕਦੀ ਹੈ । ਇੱਕ ਫਿਜਯੋਥੇਰੇਪਿਸਟ ਤੁਹਾਨੂੰ ਚੋਟ ਦੇ ਕਾਰਨ ਹੋਣ ਵਾਲੇ ਦਰਦ ਤੋਂ ਅਤੇ ਰਿਕਵਰੀ ਵਿੱਚ ਮਦਦ ਕਰ ਸਕਦਾ ਹੈ ਜਿਸਦੇ ਨਾਲ ਤੁਹਾਨੂੰ ਰਾਹਤ ਮਿਲ ਸਕਦੀ ਹੈ ।

**4. ਜੋੜਾਂ ਅਤੇ ਮਾਸਪੇਸ਼ੀਆਂ ਨਾਲ ਜੁੜੀਆਂ ਪੁਰਾਣੀਆਂ ਸਮੱਸਿਆਵਾਂ**

ਗਠਿਆ, ਡਾਇਬਿਟੀਜ਼ ਜਾਂ ਨਰਵ ਨਾਲ ਜੁੜੀਆਂ ਸਮੱਸਿਆਵਾਂ ਦੇ ਨਾਲ ਰਹਿਣਾ ਤੁਹਾਡੀ ਸਿਹਤ ਉੱਤੇ ਭੈੜਾ ਪ੍ਰਭਾਵ ਪਾ ਸਕਦਾ ਹੈ । ਅਜਿਹੇ ਵਿੱਚ ਇੱਕ ਫਿਜਯੋਥੇਰੇਪਿਸਟ ਤੁਹਾਡੇ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦੇ ਅਨੁਸਾਰ ਤੁਹਾਨੂੰ ਠੀਕ ਗਤੀਸ਼ੀਲਤਾ ਬਣਾਏ ਰੱਖਣ ਅਤੇ ਸਰੀਰ ਦੇ ਕਾਰਜ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ ।

**5. ਸਰਜਰੀ ਦੇ ਬਾਅਦ**

ਸਰਜਰੀ ਦੇ ਬਾਅਦ, ਸੁਰੱਖਿਅਤ ਅਤੇ ਠੀਕ ਰਿਕਵਰੀ ਵਿੱਚ ਫਿਜਯੋਥੇਰੇਪਿਸਟ ਤੁਹਾਡੀ ਮਦਦ ਕਰ ਸਕਦਾ ਹੈ । ਇਸ ਲਈ ਜੇਕਰ ਤੁਹਾਡੇ ਗੋਡੇ ਜਾਂ ਸਰੀਰ ਦੇ ਹੋਰ ਕਿਸੇ ਹਿੱਸੇ ਦੀ ਸਰਜਰੀ ਹੋਈ ਹੈ ਅਤੇ ਤੁਸੀਂ ਠੀਕ ਤਰ੍ਹਾਂ ਤੋਂ ਅਤੇ ਜਲਦੀ ਠੀਕ ਹੋਣਾ ਚਾਹੁੰਦੇ ਹੋ ਤਾਂ ਫਿਜਯੋਥੇਰੇਪੀ ਤੁਹਾਡੇ ਲਈ ਬਿਹਤਰ ਵਿਕਲਪ ਹੋ ਸਕਦਾ ਹੈ ।

### ਫਿਜਯੋਥੇਰੇਪੀ ਕਿਉਂ ਮਹੱਤਵਪੂਰਣ ਹੈ ?

ਫਿਜਯੋਥੇਰੇਪਿਸਟ ਦਾ ਕਹਿਣਾ ਹੈ ਕਿ ਮੌਸਮ



ਵਿੱਚ ਬਦਲਾਓ ਦੇ ਨਾਲ ਹੁੰਦਾ ਹੈ ਤੁਹਾਡੇ ਜੋੜਾਂ ਵਿੱਚ ਦਰਦ ਦੀ ਸਮੱਸਿਆ ਨੂੰ ਟਰਿਗਰ ਕਰਦਾ ਹੈ ਜਿਸ ਵਿੱਚ ਗਠੀਆ, ਪੁਰਾਣੇ ਫਰੈਕਚਰ ਦੇ ਮਾਮਲੇ, ਮੋਚ ਵਰਗੀ ਪਹਿਲਾਂ ਤੋਂ ਮੌਜੂਦ ਸਥਿਤੀਆਂ ਸ਼ਾਮਿਲ ਹੁੰਦੀ ਹੈ ਜਿਨ੍ਹਾਂ ਨੂੰ ਪਹਿਲਾਂ ਫਿਜਯੋਥੇਰੇਪੀ ਦੀ ਮਦਦ ਨਾਲ ਠੀਕ ਨਹੀਂ ਕੀਤਾ ਜਾਂਦਾ ਹੈ । ਇਸ ਸਮੱਸਿਆ ਵਿੱਚ ਫਿਜਯੋਥੇਰੇਪਿਸਟ ਤੁਹਾਡੀ ਸਮੱਸਿਆ ਨੂੰ ਜਾਨ ਕੇ ਦਰਦ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ ਨਾਲ ਹੀ ਫਿਜਯੋਥੇਰੇਪੀ ਗਠੀਆ ਜਾਂ ਪੋਸਟ ਟਰਾਮੇਟਿਕ ਚੋਟਾਂ, ਫਰੈਕਚਰ ਤੋਂ ਪ੍ਰਭਾਵਿਤ ਜੋੜਾਂ ਵਿੱਚ ਰਫ਼ਤਾਰ ਦੀ ਸੀਮਾ ਨੂੰ ਫਿਰ ਤੋਂ ਠੀਕ ਕਰਨ ਵਿੱਚ ਮਦਦ ਕਰਦੇ ਹਨ । ਰੋਜ਼ਾਨਾ ਦੀਆਂ ਗਤੀਵਿਧੀਆਂ ਅਤੇ ਖੇਲ ਲਈ ਮਾਸਪੇਸ਼ੀਆਂ ਦੀ ਤਾਕਤ ਅਤੇ ਲਚੀਲਾਪਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ ਜਿਸ ਦੇ ਨਾਲ ਵਿਅਕਤੀ ਨੂੰ ਆਪਣੀ ਸਰੀਰ ਦਾ ਸੰਤੁਲਨ ਬਣਾਏ ਰੱਖਣ ਅਤੇ ਦਰਦ ਨੂੰ ਘੱਟ ਕਰਨ ਵਿੱਚ ਮਦਦ ਮਿਲ ਸਕਦੀ ਹੈ । ਫਿਜਯੋਥੇਰੇਪੀ ਵਿੱਚ ਵੱਖ-ਵੱਖ ਤਰੀਕਿਆਂ ਅਤੇ ਮੈਨੁਅਲ ਤਕਨੀਕਾਂ ਦੀ ਮਦਦ ਨਾਲ ਦਰਦ ਨੂੰ ਘੱਟ ਕਰਨ ਵਿੱਚ ਮਦਦ ਮਿਲ ਸਕਦੀ ਹੈ ।

कृषि एवं कृषि संबंधित विषयों पर आधुनिक जानकारी लेने हेतु पढ़ें
खेती संदेश
हिन्दी साप्ताहिक समाचार पत्र




कृषि एवं कृषि सहायक धंधों की आधुनिक जानकारी से भरपूर

एक वर्ष में 52 अंक
किसान भाईयों व डीलर/डिस्ट्रीब्यूटरों के लिए
चंदों में विशेष छूट
एक वर्ष 400/- रुपए
दो वर्ष 700/- रुपए
पेमेंट करने के पश्चात् अपना डाक पता इस नंबर पर भेजें :
90410-14575
KHETI DUNIYAN
TID - 62763351
चंदे भेजने हेतु QR कोड सकैन करें।
खेती संदेश (कृषि साप्ताहिक)
के.डी. कॉम्पलैक्स, गऊशाला रोड, पटियाला

# ਤਾਕਤ ਦੀ ਵਰਤੋਂ ਲਿਆਕਤ ਨਾਲ ਕੀਤੀ ਲਾਭਦਾਇਕ ਸਿੱਧ ਹੁੰਦੀ ਹੈ

**ਜਗਜੀਤ ਸਿੰਘ ਝੱਤਰਾ**, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028 (ਮੋ: 7814490249)

ਲਿਆਕਤ ਨਾਲ ਹੀ ਤਾਕਤ ਵੀ ਵਰਤੋਂ ਕੀਤੀ ਸਿੱਕੇਵੰਦ ਸਾਬਤ ਹੁੰਦੀ ਹੈ । ਦੁਨੀਆ ਵਿੱਚ ਬਹੁੱਤ ਤਾਕਤ ਵਾਲੇ ਵਿਅਕਤੀ ਆਏ ਪਰ ਲਿਆਕਤ ਦੇ ਬਗੈਰ ਬੇਕਾਰ ਸਾਬਤ ਹੋਏ । ਜੀਵਨ ਵਿੱਚ ਲਿਆਕਤ ਦੀ ਪਰਿਭਾਸ਼ਾ ਬਹੁਤ ਸ਼ਕਤੀਸ਼ਾਲੀ ਹੈ । ਲਿਆਕਤ ਦੇ ਸਦਕਾ ਹਰ ਇੱਕ ਵਿਅਕਤੀ ਨੂੰ ਆਪਣਾ ਬਣਾਇਆ ਜਾ ਸਕਦਾ ਹੈ ਅਤੇ ਲਿਆਕਤ ਦੀ ਤਾਕਤ ਨੂੰ ਸਾਰਥਕ ਰੂਪ ਨਾਲ ਵਰਤਣ ਨਾਲ ਤਾਕਤ ਨੂੰ ਸੱਚਾ-ਸੁੱਚਾ ਬਲ ਮਿਲਦਾ ਹੈ । ਇੱਕਲੀ ਤਾਕਤ ਨੂੰ ਵਰਤੋਂ ਨਾਲ ਜੀਵਨ ਵਿੱਚ ਨੁਕਸਾਨ ਹੋਣਾ ਲਾਜ਼ਮੀ ਹੈ । ਦੇਸ਼ਾਂ ਦੀਆਂ ਲੜਾਈਆਂ ਬਹੁਤ ਨੁਕਸਾਣ ਪਹੁੰਚਾਉਂਦੀਆਂ ਹਨ । ਅੰਤ ਵਿੱਚ ਰਾਜ਼ੀਨਾਮਾ ਸੁਲ੍ਹਾ-ਸਫ਼ਾਈ ਲਈ ਲਿਆਕਤ ਹੀ ਸ਼ਾਮਲ ਕੀਤੀ ਜਾਂਦੀ ਹੈ । ਲਿਆਕਤ ਨਾਲ ਹੀ ਤਾਕਤ ਆਪਣਾ ਦੁੱਗਣਾ ਜ਼ੋਹਰ ਦਿਖਾਉਂਦੀ ਹੈ ਅਤੇ ਲਿਆਕਤ ਦੀ ਤਾਕਤ ਸੱਦਕਾ ਤਾਕਤ ਦੁੱਗਣਾ ਅਸਰ ਕਰਦੀ ਹੈ । ਲਿਆਕਤ ਨਾਲ ਵੱਡੇ-ਵੱਡੇ ਮਸਲੇ ਜਲਦੀ ਹੱਲ ਹੁੰਦੇ ਹਨ ਅਤੇ ਉਹ ਵੀ ਇੱਕ ਅੰਦਰੂਨੀ ਸ਼ਕਤੀ ਬਣਦੀ ਹੈ । ਜੀਵਨ ਵਿੱਚ ਲਿਆਕਤ ਜ਼ਿੰਦਗੀ ਨੂੰ ਪਿਆਰ, ਪ੍ਰੇਮ, ਸਬਰ-ਸੰਤੋਖ, ਸਹਿਣਸ਼ੀਲਤਾ ਨਾਲ ਲੁੱਪਤ ਕਰ ਦਿੰਦੀ ਹੈ । ਸਮਾਜ ਵਿੱਚ ਲਿਆਕਤ, ਪ੍ਰੇਮ ਸਦਾ ਹੀ ਜਿੱਤ ਹਾਸਲ ਕਰਦਾ ਰਿਹਾ ਹੈ । ਦੁਨੀਆਦਾਰੀ ਵਿੱਚ ਵਿਚਰਣਾ, ਲਚਕੀਲਾ ਤੇ ਲਿਆਕਤਦਾਰ ਵਿਅਕਤੀ ਹੋਣਾ ਜ਼ਰੂਰੀ ਹੈ । ਲਚਕੀਲਾ ਦਰਖਤ ਹਮੇਸ਼ਾ ਹਵਾ ਆਈ ਤੇ ਝੁੱਕ ਜਾਂਦਾ ਹੈ ਅਤੇ ਟੁੱਟਣ ਤੋਂ ਬੱਚ ਜਾਂਦਾ ਹੈ । ਇਸੇ ਤਰ੍ਹਾਂ ਹੀ ਆਦਮੀ ਸਮਾਜੀ ਵਾਰਦਾਤਾਂ ਤੋਂ ਬਚ ਜਾਂਦਾ ਹੈ ਅਤੇ ਮੰਜ਼ਲ ਫ਼ਤਹਿ ਕਰਨ ਵਿੱਚ ਲਿਆਕਤ ਪੌੜੀ ਦਾ ਰੂਪ ਧਾਰ ਮਦਦਗਾਰ ਬਣਦੀ ਹੈ । ਲਿਆਕਤ ਮਨੁੱਖ ਹਰ ਪੜਾਅ ਤੇ ਸਫ਼ਲ ਹੋਵੇਗਾ ਅਤੇ ਵਧੀਆ ਅਗਾਂਹ-ਵਧੂ ਸੋਚ ਹੈ ਲਿਆਕਤ ਦੀ ਸੋਚ ਨਜ਼ਰ ਅੰਦਾਜ਼ ਨਾ ਕਰੋ ।

# ਸਫ਼ਲ ਬਾਗਬਾਨ ਸੁਖਪਾਲ ਸਿੰਘ ਭੁੱਲਰ



ਸਾਰੇ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਸੁਖਪਾਲ ਦੀਆਂ ਖੇਤੀ ਲੀਹਾਂ 'ਤੇ ਚੱਲਦਿਆਂ ਆਧੁਨਿਕ ਤਰੀਕਿਆਂ ਨਾਲ ਖੇਤੀ ਕਰਨ...

ਐੱਸ ਡੀ ਕਾਲਜ ਬਰਨਾਲਾ ਤੋਂ ਕਾਮਰਸ ਵਿੱਚ ਗਰੈਜੂਏਸ਼ਨ ਕਰ ਕੇ ਉਸ ਨੇ ਖੇਤਾਂ ਵਿੱਚ ਨਵੇਂ ਢੰਗ ਦੀ ਵਿਗਿਆਨਕ ਬਾਗਬਾਨੀ ਆਰੰਭੀ । ਆਪਣੀ ਉਪਜ ਆਪ ਵੇਚਣ ਦਾ ਮਾਡਲ ਵਿਕਸਤ ਕਰਕੇ ਉਸ ਖੇਤੀ ਮੁਨਾਫ਼ਾ ਵੀ ਵਧਾਇਆ ਹੈ ।

ਸੁਖਪਾਲ ਸਿੰਘ ਭੁੱਲਰ ਕਰਾਮਾਤੀ ਕਿਸਾਨ ਹੈ ਜਿਸ ਨੇ ਬਾਗਬਾਨੀ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾਈਆਂ ਹਨ ਅਤੇ ਹੋਰ ਕਿਸਾਨਾਂ ਲਈ ਉਹ ਵੱਡਾ ਮਾਰਗ ਦਰਸ਼ਕ ਬਣਿਆ ਹੈ । ਬਠਿੰਡਾ ਜ਼ਿਲ੍ਹੇ ਦੇ ਪਿੰਡ ਘੁੰਮਣ ਕਲਾਂ ਵਾਸੀ ਸ. ਦੇਵਿੰਦਰ ਸਿੰਘ ਦਾ ਸਪੁੱਤਰ ਤੇ ਸਫ਼ਲ ਕਿੰਨੂ ਬਾਗਬਾਨ ਹੈ । ਪਿਛਲੇ ਸਾਲਾਂ ਵਿੱਚ ਉਸ ਨੇ ਡਰੈਗਨ ਫ਼ਰੂਟ ਦੀ ਕਾਸ਼ਤ ਵੀ ਕਿੰਨੂ ਦੇ ਬਾਗਾਂ ਵਿੱਚ ਕਰਕੇ ਮਾਅਰਕਾ ਮਾਰਿਆ ਹੈ । ਬੜਾ ਮਿੱਠਾ ਸੂਹਾ ਫ਼ਲ ਮੈਂ ਅਤੇ ਮੇਰੇ ਪਰਿਵਾਰ ਨੇ ਵੀ ਚੱਖਿਆ ਹੈ । ਉਸ ਨੇ ਦੱਸਿਆ ਕਿ ਉਸ ਨੇ ਕਸ਼ਮੀਰੀ ਕੇਸਰ ਦੀ ਤਰਜ਼ 'ਤੇ ਕੰਟਰੋਲ ਕੀਤੇ ਤਾਪਮਾਨ ਅੰਦਰ ਕੇਸਰ ਉਗਾਉਣ ਦੇ ਵੀ ਤਜ਼ਰਬੇ ਸ਼ੁਰੂ ਕੀਤੇ ਹਨ । ਇਨ੍ਹਾਂ ਦੀ ਪਹਿਲੀ ਤੁੜਾਈ ਤਿਆਰ ਹੈ । ਅੱਜ ਕੱਲ੍ਹ ਪੰਜਾਬ ਖੇਤੀ ਯੂਨੀਵਰਸਿਟੀ



ਲੁਧਿਆਣਾ ਦੇ ਅਗਾਂਹਵਧੂ ਕਿਸਾਨ ਵਜੋਂ ਵੀਰ ਪੱਚੀ ਸਾਲ ਪਹਿਲਾਂ ਮੈਨੂੰ ਮਿਲਿਆ ਸੀ ਸੁਖਪਾਲ । ਉਦੋਂ ਤੋਂ ਹੀ ਪਰਿਵਾਰਕ ਰਿਸ਼ਤਾ ਨਿਭਾਅ ਰਿਹੈ ।

ਉਸ ਦੇ ਭੁੱਲਰ ਫਾਰਮ ਦੇ ਕਿੰਨੂ ਮੰਡੀ ਵਿੱਚ ਸਵਾਏ ਮੁੱਲ 'ਤੇ ਬੰਗਲੌਰ ਤੀਕ ਵਿਕਦੇ ਹਨ । ਉਸ ਦੀ ਕੋਸ਼ਿਸ਼ ਹੈ ਕਿ ਉਸ ਵਰਗੇ ਉਤਸ਼ਾਹੀ ਅਤੇ ਹਿੰਮਤੀ ਕਿਸਾਨ ਹਰ ਮੈਦਾਨ ਫ਼ਤਿਹ ਹਾਸਲ ਕਰਨ । ਉਹ ਆਪਣੀਆਂ ਪ੍ਰਾਪਤੀਆਂ ਲਈ ਪੰਜਾਬ ਖੇਤੀ ਯੂਨੀਵਰਸਿਟੀ ਵੱਲੋਂ ਮਿਲੀਆਂ ਨਸੀਹਤਾਂ ਭਾਵ ਖੇਤੀ ਸੰਬੰਧੀ ਹਦਾਇਤਾਂ ਨੂੰ ਉਹ ਕਦੇ ਵੀ ਨਹੀਂ ਵਿਸਾਰਦਾ ਸਗੋਂ ਉਨ੍ਹਾਂ 'ਤੇ ਪੂਰਾ ਅਮਲ ਕਰਦਾ ਹੈ । ਉਸ ਤੋਂ ਸੈਂਕੜੇ ਏਕੜ ਬਾਗਬਾਨੀ ਕਰਨ ਵਾਲੇ ਸਿਖਰਲੇ ਘਰਾਣੇ ਵੀ ਸਪਰੇਅ, ਕਾਂਟ ਛਾਂਟ ਅਤੇ ਮੰਡੀਕਰਨ ਸੰਬੰਧੀ ਸਲਾਹਾਂ ਲੈਂਦੇ ਰਹਿੰਦੇ ਹਨ ।

ਸਾਡੇ ਹੋਰਨਾਂ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਸੁਖਪਾਲ ਦੀਆਂ ਖੇਤੀ ਲੀਹਾਂ ਉੱਤੇ ਚੱਲਦਿਆਂ ਆਧੁਨਿਕ ਤਰੀਕਿਆਂ ਨਾਲ ਖੇਤੀਬਾੜੀ ਕਰਨ ਅਤੇ ਇਸ ਵਿੱਚੋਂ ਮੁਨਾਫ਼ਾ ਹਾਸਲ ਕਰਨ । ਇਹੋ ਜਿਹੇ ਹਿੰਮਤੀ ਪੁੱਤਰ ਮਾਵਾਂ ਰੋਜ਼ ਨਹੀਂ ਜੰਮਦੀਆਂ । ਸੁਖਪਾਲ ਸਿੰਘ ਦੀ ਜਣਨਹਾਰੀ ਮਾਂ ਨੂੰ ਸਲਾਮ ।

ਗੁਰਭਜਨ ਗਿੱਲ

ਕਿਸਾਨ ਵੀਰਾਂ ਲਈ

# ਇਸ ਹਫਤੇ ਦੇ ਖੇਤੀ ਰੁਝੇਵੇਂ

**ਕਣਕ** : ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਣਕ ਦੀਆਂ ਕਿਸਮਾਂ, ਪੀ ਬੀ ਡਬਲਯੂ 872, ਪੀ ਬੀ ਡਬਲਯੂ 826,



ਪੀ ਬੀ ਡਬਲਯੂ 824, ਪੀ ਬੀ ਡਬਲਯੂ 766, ਡੀ ਡੀ ਡਬਲਯੂ 187, ਐਚ ਡੀ 3226, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ-3086, ਉੱਨਤ ਪੀ ਬੀ ਡਬਲਯੂ 343, ਪੀ ਬੀ ਡਬਲਯੂ 1 ਚਪਾਤੀ, ਪੀ ਬੀ ਡਬਲਯੂ 1 ਗਨ, ਪੀ ਬੀ ਡਬਲਯੂ ਗਨ 2 ਅਤੇ ਡੂਰਮ ਕਣਕ ਡਬਲਯੂ ਐਚ ਡੀ 943 ਅਤੇ ਪੀ ਬੀ ਡਬਲਯੂ 291 ਦੀ ਬਿਜਾਈ ਪੂਰੇ ਰਾਜ ਵਿੱਚ ਸਿੰਜਾਈ ਵਾਲੀਆਂ ਸਥਿਤੀਆਂ ਵਿੱਚ ਕਰਨ । ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਵੀ ਉਪ-ਪਹਾੜੀ ਜ਼ਿਲ੍ਹਿਆਂ ਨੂੰ ਛੱਡ ਕੇ ਪੂਰੇ ਰਾਜ ਵਿੱਚ ਬੀਜੀਆਂ ਜਾ ਸਕਦੀਆਂ ਹਨ ਅਤੇ ਦੱਖਣ-ਪੱਛਮੀ ਪੰਜਾਬ ਵਿੱਚ ਪੀ ਬੀ ਡਬਲਯੂ 803 ਦੀ ਬਿਜਾਈ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ । ਸਿੰਜਾਈ ਵਾਲੀਆਂ ਸਥਿਤੀਆਂ ਵਿੱਚ ਕਣਕ ਦੀ ਬਿਜਾਈ ਨਵੰਬਰ ਦੇ ਚੌਥੇ ਹਫ਼ਤੇ ਤੱਕ ਪੂਰੀ ਕੀਤੀ ਜਾਣੀ ਚਾਹੀਦੀ ਹੈ । ਉਨ੍ਹਾਂ ਖੇਤਾਂ ਵਿੱਚ ਜਿੱਥੇ ਹੈਪੀ ਸੀਡਰ ਅਤੇ ਸੁਪਰ ਸੀਡਰ ਨਾਲ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਕੀਤਾ ਜਾਂਦਾ ਹੈ, ਪੂਰੇ ਰਾਜ ਵਿੱਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਬੀਜੋ । ਕਣਕ ਵਿੱਚ ਗੁੱਲੀ ਡੰਡੇ ਨੂੰ ਕੰਟਰੋਲ ਕਰਨ ਲਈ, ਉਭਰਨ ਤੋਂ ਪਹਿਲਾਂ ਦੀਆਂ ਨਦੀਨਨਾਸ਼ਕਾਂ ਸਟੌਂਪ 30 ਈਸੀ (ਪੈਂਡੀਮੇਥਾਲਿਨ) @ 1.5 ਲੀਟਰ ਪ੍ਰਤੀ ਏਕੜ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) @ 60 ਗ੍ਰਾਮ ਪ੍ਰਤੀ ਏਕੜ ਪਾਓ ਜਾਂ ਪਲੇਟਫਾਰਮ 385 ਐਸਈ (ਪੈਂਡੀਮੇਥਾਲਿਨ + ਮੈਟਰੀਬਿਊਜਿਨ) @ 1.0 ਲੀਟਰ ਜਾਂ ਦਕਸ਼ ਪਲੱਸ 48 ਈਸੀ (ਪੈਂਡੀਮੇਥਾਲਿਨ + ਮੈਟਰੀਬਿਊਜ਼ਿਨ) ਦੀ ਵਰਤੋਂ ਕਰੋ । ਬਿਜਾਈ ਤੋਂ 2 ਦਿਨਾਂ ਦੇ ਅੰਦਰ-ਅੰਦਰ 200 ਲੀਟਰ ਪਾਣੀ ਪ੍ਰਤੀ ਏਕੜ ਦੀ ਵਰਤੋਂ ਕਰਕੇ ਕੋਈ ਵੀ ਇੱਕ ਨਦੀਨਨਾਸ਼ਕ ਵਰਤੋਂ । ਦਰਮਿਆਨੀ ਉਪਜਾਊ ਮਿੱਟੀ ਵਿੱਚ, ਸਿੰਜਾਈ ਵਾਲੀ ਕਣਕ ਨੂੰ ਨਾਈਟ੍ਰੋਜਨ ਅਤੇ ਫਾਸਫੋਰਸ ਦੇ ਸਰੋਤ ਵਜੋਂ ਬਿਜਾਈ ਵੇਲੇ 55 ਕਿਲੋ ਡੀਏਪੀ/ਏਕੜ ਪਾਓ । ਜੇਕਰ 155 ਕਿਲੋ ਸਿੰਗਲ ਸੁਪਰ ਫਾਸਫੇਟ ਫਾਸਫੋਰਸ ਦੇ ਸਰੋਤ ਵਜੋਂ ਪਾਇਆ ਜਾਂਦਾ ਹੈ ਤਾਂ ਬਿਜਾਈ ਤੋਂ ਪਹਿਲਾਂ ਸਿੰਜਾਈ ਤੋਂ ਠੀਕ ਪਹਿਲਾਂ ਜਾਂ ਤਿਆਰੀ ਵਾਲੀ ਵਾਹੀ ਦੇ ਨਾਲ 20 ਕਿਲੋ ਯੂਰੀਆ ਪਾਓ । ਪੋਟਾਸ਼ੀਅਮ ਦੀ ਘਾਟ ਵਾਲੀ ਮਿੱਟੀ ਵਿੱਚ, ਬਿਜਾਈ ਦੇ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼/ਏਕੜ ਪਾਓ । ਨਵੰਬਰ ਦੇ ਚੌਥੇ ਹਫ਼ਤੇ ਤੋਂ ਬਾਅਦ, ਮੈਂ ਬਿਜਾਈ ਲਈ ਪੀ ਬੀ ਡਬਲਯੂ 771 ਅਤੇ ਪੀ ਬੀ ਡਬਲਯੂ 752 ਨੂੰ ਤਰਜੀਹ ਦਿੰਦਾ ਹਾਂ ।

**ਕਮਾਦ** : ਫ਼ਸਲ ਨੂੰ ਜ਼ਰੂਰਤ ਮੁਤਾਬਿਕ ਸਿੰਜਾਈ ਕਰੋ । ਕਮਾਦ ਵਿੱਚ ਤਣੇਂ ਦੇ ਗੜੂੰਏ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਵਕਫ਼ੇ ਤੇ ਖੇਤ ਵਿੱਚ ਛੱਡੋ । ਖੇਤ ਵਿੱਚ ਮਿੱਤਰ ਕੀੜੇ ਛੱਡਣ ਲਈ ਇੱਕ ਟਰਾਈਕੋ-ਕਾਰਡ (10×15 ਸੈ.ਮੀ.) ਨੂੰ 5×0.75 ਸੈ.ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿੱਚ ਕੱਟੋ । ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ



ਪੱਤਿਆਂ ਤੇ ਹੇਠਲੇ ਪਾਸੇ ਇੱਕ ਏਕੜ ਵਿੱਚ ਬਰਾਬਰ ਦੂਰੀ ਤੇ 40 ਥਾਵਾਂ ਤੇ ਸ਼ਾਮ ਵੇਲੇ ਇਨ੍ਹਾਂ ਨਾਲ ਨੱਥੀ ਕਰੋ । ਆਗ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।

**ਦਾਲਾਂ** : ਉਖੇੜਾ ਰੋਗ ਤੋਂ ਬਚਾਉਣ ਲਈ, ਰੋਧਕ ਕਿਸਮਾਂ ਪੀਬੀ ਜੀ 7 ਅਤੇ ਪੀਬੀ ਜੀ 5 ਲਗਾਓ । ਛੋਲਿਆਂ ਦੇ ਬੀਜ ਨੂੰ 15 ਗ੍ਰਾਮ/ਕਿਲੋਗ੍ਰਾਮ ਸੂਡੋਮੋਨਾਸ ਫਲੋਰੈਸੈਂਸ ਦੇ ਟੈਲਕ-ਅਧਾਰਤ ਫਾਰਮੂਲੇ ਨਾਲ ਸੋਧੋ । ਬਿਜਾਈ ਵੇਲੇ ਪ੍ਰਤੀ ਏਕੜ 26 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪਾਓ ।

**ਤੇਲ ਬੀਜ** : ਦੇਰ ਨਾਲ ਬਿਜਾਈ ਵਿੱਚ, ਗੋਭੀ ਸਰ੍ਹੋਂ ਦੀ ਬਿਜਾਈ



ਸਿੱਧੀ ਬਿਜਾਈ ਨਾਲੋਂ ਵਧੇਰੇ ਲਾਭਦਾਇਕ ਹੈ । ਕਨੋਲਾ ਗੋਭੀ ਸਰ੍ਹੋਂ ਲਈ 30 ਦਿਨ ਪੁਰਾਣੇ ਬੂਟੇ ਵਰਤੋਂ । ਜਲਦੀ ਬੀਜੀ ਗਈ ਰਾਇਆ ਨੂੰ, ਪਹਿਲੀ ਸਿੰਚਾਈ ਦੇ ਨਾਲ ਪ੍ਰਤੀ ਏਕੜ 45 ਕਿਲੋ ਯੂਰੀਆ ਪਾਓ ।

**ਹਰੇ ਚਾਰੇ** : ਬਰਸੀਮ ਦੀ ਪਹਿਲੀ ਕਟਾਈ ਕਰੋ । ਹਲਕੀਆਂ ਮਿੱਟੀਆਂ ਵਿੱਚ ਫ਼ਸਲ 'ਤੇ ਮੈਂਗਨੀਜ਼ ਦੀ ਘਾਟ ਹੋਣ 'ਤੇ, ਕਟਾਈ ਤੋਂ ਦੋ ਹਫ਼ਤਿਆਂ ਬਾਅਦ ਮੈਂਗਨੀਜ਼ ਸਲਫ਼ੇਟ (0.5%) ਦਾ ਛਿੜਕਾਅ ਕਰੋ । ਫ਼ਸਲ ਨੂੰ ਨਿਯਮਿਤ ਸਿੰਜਾਈ ਕਰੋ ।

**ਸਬਜ਼ੀਆਂ**

ਇਸ ਸਮੇਂ ਦੌਰਾਨ ਖ਼ੁਸ਼ਕ ਮੌਸਮ ਦੀ ਸੰਭਾਵਨਾ ਕਰਕੇ ਫ਼ਸਲਾਂ ਨੂੰ ਲੋੜ ਅਨੁਸਾਰ ਸਿੰਚਾਈ ਕਰੋ । ਮਿਰਚ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿੱਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ । ਅਕਤੂਬਰ ਵਿੱਚ ਬੀਜੇ ਗਏ ਟਮਾਟਰ



ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ । ਇਹ ਸਮਾਂ ਹਾੜੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ.ਆਰ.ਓ.-7, ਪੰਜਾਬ ਨਰੋਆ, ਪੀ.ਵਾਈ.ਓ-1, ਪੀ. ਡਬਲਿਊ. ਓ.-2 ਅਤੇ ਹਾਈਬ੍ਰਿਡ ਪੀ. ਓ. ਐਚ.-1 ਦੀ ਬਿਜਾਈ ਲਈ ਢੁੱਕਵਾਂ ਹੈ । ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਦਾ ਵੀ ਢੁੱਕਵਾਂ ਸਮਾਂ ਹੈ । ਗੋਭੀ, ਦੇਰ ਨਾਲ ਆਉਣ ਵਾਲੇ ਫੁੱਲ ਗੋਭੀ, ਚੀਨੀ ਗੋਭੀ ਅਤੇ ਬ੍ਰੋਕਲੀ ਦੇ 4-6 ਹਫ਼ਤੇ ਪੁਰਾਣੇ ਬੂਟੇ ਲਗਾਉਣਾ ਸ਼ੁਰੂ ਕਰੋ । ਚੀਨੀ ਗੋਭੀ ਲਈ ਲਾਈਨ ਅਤੇ ਪੌਦੇ ਵਿਚਕਾਰ 30-30 ਸੈਂਟੀਮੀਟਰ, ਫੁੱਲ ਗੋਭੀ ਲਈ 45-30 ਸੈਂਟੀਮੀਟਰ ਅਤੇ ਗੋਭੀ ਲਈ 60-45 ਸੈਂਟੀਮੀਟਰ ਅਤੇ ਬ੍ਰੋਕਲੀ ਲਈ 45-45 ਸੈਂਟੀਮੀਟਰ ਦੀ ਦੂਰੀ ਰੱਖੋ । ਮਿੱਟੀ ਅਤੇ ਮੌਸਮੀ ਸਥਿਤੀਆਂ ਅਨੁਸਾਰ ਹਫ਼ਤੇ ਵਿੱਚ ਇੱਕ ਵਾਰ ਸਿੰਚਾਈ ਕਰੋ । ਚੰਗੀ ਫ਼ਸਲ ਲਈ ਪਾੜੇ ਨੂੰ ਭਰੋ । ਪਤਝੜ ਆਲੂ ਦੀ ਫ਼ਸਲ ਦੀ ਪੂਰੀ ਬਿਜਾਈ ਖ਼ਾਸ ਕਰਕੇ ਬੀਜ ਉਤਪਾਦਨ ਦੇ ਉਦੇਸ਼ ਲਈ ਕਰੋ । ਪੰਜਾਬ ਆਲੂ-101 ਅਤੇ ਪੰਜਾਬ ਆਲੂ-102 ਦੇ ਸਿਹਤਮੰਦ ਬੀਜ ਕੰਦਾਂ ਦੀ ਵਰਤੋਂ ਕਰੋ । ਆਲੂ ਦੀ ਫ਼ਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋਂ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲੀਟਰ ਪਾਣੀ ਵਿੱਚ ਸਿਸਟੀਵਾ @ 80 ਮਿਲੀਲੀਟਰ ਜਾਂ ਐਮੇਸਟੋ ਪ੍ਰਾਈਮ 82 ਮਿਲੀਲੀਟਰ ਜਾਂ ਮੋਨਸਰੇਨ 250 ਮਿਲੀਲੀਟਰ ਨਾਲ ਰੋਗਾਣੂੰ ਮੁਕਤ ਕਰੋ । ਵਾਇਰਸ ਰੋਗ ਤੋਂ ਪ੍ਰਭਾਵਤ ਬੂਟੇ ਖੇਤ ਵਿੱਚੋਂ ਪੁੱਟ ਕੇ ਨਸ਼ਟ ਕਰ ਦਿਉ । ਖਾਦ ਦੀ ਦੂਸਰੀ ਕਿਸ਼ਤ 85 ਕਿੱਲੋ ਯੂਰੀਆ ਪ੍ਰਤੀ ਏਕੜ ਪਾ ਦਿਉ । ਹਲਕੀਆਂ ਜ਼ਮੀਨਾਂ ਵਿੱਚ ਇਹ ਖ਼ੁਰਾਕ ਵਧਾ ਕੇ 115 ਕਿੱਲੋ ਪ੍ਰਤੀ ਏਕੜ ਕਰ ਦਿਉ ਅਤੇ 40-45 ਦਿਨਾਂ ਦੀ ਫ਼ਸਲ ਦੇ ਮੁੱਢਾਂ ਤੇ ਮਿੱਟੀ ਚੜ੍ਹਾ ਦਿਉ । ਪਾਲਕ ਦੀ ਬਿਜਾਈ ਸ਼ੁਰੂ ਕਰੋ, ਪੰਜਾਬ ਗ੍ਰੀਨ ਦਾ 4-6 ਕਿਲੋਗ੍ਰਾਮ/ਏਕੜ ਬੀਜ ਵਰਤੋਂ । ਬੀਜ ਨੂੰ ਵਾਟਰ ਹਾਲਤਾਂ ਵਿੱਚ 20 ਸੈਂਟੀਮੀਟਰ ਦੀ ਦੂਰੀ 'ਤੇ ਕਤਾਰਾਂ ਵਿੱਚ 3-4 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ । ਬਿਜਾਈ ਤੋਂ ਪਹਿਲਾਂ ਪ੍ਰਤੀ ਏਕੜ 10 ਟਨ ਰੂੜੀ ਦੀ ਖਾਦ, 35 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪਾਓ । ਹਫ਼ਤੇ ਵਿੱਚ ਇੱਕ ਵਾਰ ਮੇਥੀ ਅਤੇ ਪਾਲਕ ਦੀ ਸਿੰਚਾਈ ਕਰੋ ।

**ਬਾਗਬਾਨੀ**

ਪੱਤਝੜ ਵਾਲੇ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਖ, ਅੰਗੂਰ ਆਦਿ ਦਾ ਪਾਣੀ ਰੋਕ ਦਿਉ ਤਾਂ ਕਿ ਸਰਦੀਆਂ ਆਉਣ ਤੋਂ ਪਹਿਲਾਂ ਇਹ ਬੂਟੇ ਨੀਂਦਰ ਅਵਸਥਾ ਵਿੱਚ ਆ ਜਾਣ ਤੇ ਠੰਡ ਤੋਂ ਵੀ ਬਚ ਸਕਣ । ਨਵੰਬਰ ਦੇ ਇਹਨਾਂ ਦਿਨਾਂ ਵਿੱਚ ਸਦਾ ਹਰੇ ਰਹਿਣ ਵਾਲੇ ਛੋਟੇ ਬੂਟਿਆਂ ਉੱਪਰ ਖਾਸ ਕਰਕੇ ਨਵੇਂ ਲਗਾਏ ਬੂਟਿਆਂ ਨੂੰ ਠੰਢ ਤੋਂ ਬਚਾਉਣ ਲਈ ਕੁੱਲੀਆਂ ਬਣਾਉਣ ਦੀ ਤਿਆਰੀ ਕਰ ਲਵੋ । ਇਹ ਕੁੱਲੀਆਂ ਸਰਕੰਡੇ, ਕਮਾਦ ਦੀ ਖੇਤੀ, ਮੱਕੀ ਦੇ ਟਾਂਡਿਆਂ ਆਦਿ ਦੀਆਂ ਬਣਾਈਆਂ ਜਾ ਸਕਦੀਆਂ ਹਨ । ਇਹ ਕੁੱਲੀਆਂ ਦੱਖਣ-ਪੱਛਮੀ ਪਾਸੇ ਵੱਲੋਂ ਖੁੱਲ੍ਹੀਆਂ ਰੱਖੋ ਤਾਂ ਕਿ ਪੌਦਿਆਂ ਨੂੰ ਧੁੱਪ ਲੱਗ ਸਕੇ । ਬੇਰਾਂ ਦੇ ਬਾਗਾਂ ਨੂੰ ਪਾਣੀ ਜ਼ਰੂਰ ਦਿਓ ਅਤੇ ਜ਼ਮੀਨ ਨੂੰ ਖੁਸ਼ਕ ਨਾ ਹੋਣ ਦਿਓ । ਸਰਦੀਆਂ ਵਿੱਚ 3-4 ਹਫ਼ਤੇ ਬਾਅਦ ਪਾਣੀ ਦਿੰਦੇ ਰਹੋ । ਬੇਰਾਂ ਦੇ ਫਲਾਂ ਦਾ ਕੇਰਾ ਰੋਕਣ ਲਈ ਨੈਫਥਲੀਨ ਐਸਟਿਕਐਸਿਡ (ਐਨ.ਏ.ਏ.) ਨੂੰ 15 ਗ੍ਰਾਮ ਪ੍ਰਤੀ 500 ਲਿਟਰ ਦੇ ਹਿਸਾਬ ਨਾਲ ਪ੍ਰਤੀ ਏਕੜ ਰਕਬੇ ਤੇ ਛਿੜਕੋ । ਨੈਫਥਲੀਨ ਐਸਟਿਕ ਐਸਿਡ ਨੂੰ ਪਹਿਲਾਂ ਥੋੜੀ ਜਿਹੀ ਅਲਕੋਹਲ ਵਿਚ ਘੋਲ ਲਵੋ ਅਤੇ ਫਿਰ ਪਾਣੀ ਵਿੱਚ ਮਿਲਾਓ । ਡੇਜ਼ੀ ਸੰਤਰੇ ਦੇ ਫ਼ਲਾਂ ਦੀ ਤੁੜਾਈ ਦਾ ਕੰਮ ਫ਼ਲਾਂ ਦੇ ਪੜਾਅ ਦੇ ਹਿਸਾਬ ਨਾਲ ਸ਼ੁਰੂ ਕਰ ਦਿਉ ।

**ਪਸ਼ੂ ਪਾਲਣ** : ਨਵਜੰਮੇ ਕੱਟੜੂ / ਵੱਛੜੂ ਨੂੰ ਠੰਡ ਤੋਂ ਬਚਾਉਣ ਲਈ ਉਨ੍ਹਾਂ ਨੂੰ ਸਾਫ ਸੁਥਰੀ ਸੁੱਕੀ ਜਗ੍ਹਾ ਤੇ ਬੰਨ੍ਹੋ । ਉਹ ਠੰਡ ਵਿੱਚ ਨਿਮੋਨੀਆ ਦਾ ਸ਼ਿਕਾਰ ਜਲਦੀ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਵੀ ਇਸੇ ਕਾਰਨ ਹੁੰਦੀਆਂ ਹਨ । ਸੂਣ ਤੋਂ ਬਾਅਦ ਪਸ਼ੂ ਦੇ ਪਹਿਲੇ ਦੁੱਧ ਨੂੰ ਬੌਹਲੀ ਜਾਂ ਬਾਖੜਾ ਦੁੱਧ ਆਖਦੇ ਹਨ ਜੋ ਕਿ ਨਵਜੰਮੇ ਕੱਟੜੂ/ਵੱਛੜੂ ਲਈ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਬੌਹਲੀ ਵਿੱਚ ਬਿਮਾਰੀਆਂ ਦਾ ਟਾਕਰਾ ਕਰਨ ਲਈ ਐਂਟੀਬੋਡੀਜ ਹੁੰਦੇ ਹਨ । ਬੌਹਲੀ ਵਿੱਚ ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਪਦਾਰਥਾਂ ਦੀ ਮਾਤਰਾ ਆਮ ਦੁੱਧ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ । ਇਸ ਲਈ ਬੱਚੇ ਦੇ ਜੰਮਣ ਤੋਂ 1-2 ਘੰਟੇ ਬਾਅਦ ਅਤੇ ਫਿਰ 12 ਘੰਟਿਆਂ ਬਾਅਦ ਬੌਹਲੀ ਦੇਣੀ ਚਾਹੀਦੀ ਹੈ । ਮੌਸਮ ਅਨੁਸਾਰ ਬੌਹਲੀ ਨੂੰ ਕੋਸਾ ਕਰਕੇ ਬੱਚੇ ਨੂੰ ਦਿੱਤਾ ਜਾ ਸਕਦਾ ਹੈ ।

# ਸਰਫੇਸ ਸੀਡਿੰਗ ਕਮ ਮਲਚਿੰਗ

## ਪਰਾਲੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਲਈ ਸੁਖਾਲੀ ਅਤੇ ਸਸਤੀ ਤਕਨੀਕ

**ਜਸਵੀਰ ਸਿੰਘ ਗਿੱਲ ਅਤੇ ਪ੍ਰਭਜੀਤ ਕੌਰ, ਪੀ ਏ ਯੂ**
**ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ (ਨੂਰਮਹਿਲ) (ਮੋ. 98150-81578)**

ਝੋਨੇ ਦੀ ਵਾਢੀ ਅਤੇ ਕਣਕ ਦੀ ਬਿਜਾਈ ਵਿਚਕਾਰ ਸਮਾਂ ਘੱਟ ਹੋਣ ਕਰਕੇ ਝੋਨੇ ਦੀ ਪਰਾਲੀ ਨੂੰ ਸੰਭਾਲਣਾ ਕਿਸਾਨਾਂ ਲਈ ਇੱਕ ਵੱਡੀ ਚੁਣੌਤੀ ਬਣ ਜਾਂਦਾ ਹੈ । ਇਸ ਤਕਨੀਕ ਵਿੱਚ ਕੰਬਾਈਨ ਨਾਲ ਝੋਨਾ ਵੱਢਣ ਤੋਂ ਬਾਅਦ ਕਣਕ ਦੇ ਸੁਧਰੇ ਹੋਏ ਬੀਜ ਅਤੇ ਮੁੱਢਲੀ ਖਾਦ ਦਾ ਇਕਸਾਰ ਛੱਟਾ ਦੇ ਦਿੱਤਾ ਜਾਂਦਾ ਹੈ । ਇਸ ਤੋਂ ਬਾਅਦ ਖੜ੍ਹੇ ਮੁੱਢਾਂ/ਕਰਚਿਆਂ ਨੂੰ ਕੱਟਣ ਲਈ ਇੱਕ ਵਾਰ 4-5 ਇੰਚ ਉੱਚਾ ਰੱਖਕੇ ਕਟਰ-ਕਮ-ਸਪਰੈਡਰ ਚਲਾ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਪਾਣੀ ਲਾ ਦਿੱਤਾ ਜਾਂਦਾ ਹੈ । ਹੱਥੀਂ ਛਿੱਟਾ ਦੇਣ ਦੇ ਬਦਲ ਵਜੋਂ ਬਿਜਾਈ ਦੇ ਤਕਰੀਬਨ 4-5 ਦਿਨਾਂ ਬਾਅਦ ਕਣਕ ਦਾ ਪੁੰਗਾਰਾ ਪਰਾਲੀ ਵਿੱਚੋਂ ਬਾਹਰ ਦਿਸਣਾ ਸ਼ੁਰੂ ਹੋ ਜਾਂਦਾ ਹੈ ।



**ਸਰਫੇਸ ਸੀਡਿੰਗ ਕਮ ਮਲਚਿੰਗ ਤਕਨੀਕ ਦੇ ਫਾਇਦੇ** : ਪਰਾਲੀ ਸਾਂਭਣ ਦੀ ਇਸ ਤਕਨੀਕ ਦੇ ਆਮ ਪ੍ਰਚੱਲਿਤ ਤਰੀਕਿਆਂ ਨਾਲੋਂ ਬਹੁਤ ਫ਼ਾਇਦੇ ਹਨ । (ਸਾਰਣੀ-1)

**ਸਾਰਣੀ-1** : ਸਰਫੇਸ ਸੀਡਿੰਗ ਕਮ ਮਲਚਿੰਗ ਤਕਨੀਕ ਦੇ ਫਾਇਦੇ

| ਕ੍ਰਮ | ਫਾਇਦੇ |
|---|---|
| 1. | ਇਸ ਨਾਲ ਪਰਾਲੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਬਹੁਤ ਸੌਖੀ ਅਤੇ ਸਮੇਂ ਸਿਰ ਹੋ ਜਾਂਦੀ ਹੈ । |
| 2. | ਇਸ ਤਕਨੀਕ ਰਾਹੀਂ 700-800 ਰੁਪਏ ਪ੍ਰਤੀ ਏਕੜ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ, ਜੋ ਕਿ ਪਰਾਲੀ ਸਾੜ ਕੇ ਕਣਕ ਬੀਜਣ ਨਾਲੋਂ ਵੀ ਸਸਤੀ ਹੈ । |
| 3. | ਇਸ ਤਕਨੀਕ ਨਾਲ ਬੀਜੀ ਹੋਈ ਕਣਕ ਘੱਟ ਡਿੱਗਦੀ ਹੈ । ਪਰਾਲੀ ਦੇ ਖੇਤ ਵਿੱਚ ਰਹਿਣ ਕਰਕੇ ਜ਼ਮੀਨ ਦੀ ਸਿਹਤ ਦਾ ਵੀ ਸੁਧਾਰ ਹੁੰਦਾ ਹੈ । |
| 4. | ਖੇਤ ਵਿੱਚ ਪਈ ਪਰਾਲੀ ਮਲਚ ਦਾ ਕੰਮ ਕਰਦੀ ਹੈ, ਜਿਸ ਨਾਲ ਨਦੀਨ ਘੱਟ ਉੱਗਦੇ ਹਨ ਅਤੇ ਜ਼ਮੀਨ ਦਾ ਤਾਪਮਾਨ ਵੀ ਕਣਕ ਦੇ ਵਾਧੇ ਲਈ ਅਨੁਕੂਲ ਬਣਿਆ ਰਹਿੰਦਾ ਹੈ । |

ਇਕ ਤਕਨੀਕ ਦੀ ਕਾਮਯਾਬੀ ਲਈ ਹੇਠ ਲਿਖੀਆਂ ਸਾਵਧਾਨੀਆਂ ਜ਼ਰੂਰ ਵਰਤੋਂ :

★ ਬਿਜਾਈ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ 20 ਨਵੰਬਰ ਤੱਕ ਕਰੋ ।

★ ਕਲਰਾਠੀਆਂ ਅਤੇ ਪਾਣੀ ਦੇ ਘੱਟ ਨਿਕਾਸ ਵਾਲੀਆਂ ਜ਼ਮੀਨਾਂ ਵਿੱਚ ਇਸ ਤਕਨੀਕ ਨੂੰ ਨਾ ਵਰਤੋਂ । ਖੇਤ ਦੇ ਕਿਆਰਿਆਂ ਦਾ ਆਕਾਰ ਛੋਟਾ ਰੱਖੋ ।

★ ਝੋਨੇ ਦੇ ਖੇਤ ਨੂੰ ਅਖੀਰਲਾ ਪਾਣੀ (ਜ਼ਮੀਨ ਦੀ ਕਿਸਮ ਮੁਤਾਬਿਕ) ਇਸ ਤਰ੍ਹਾਂ ਲਾਓ ਕਿ ਕਿ ਕਟਾਈ ਸਮੇਂ ਖੇਤ ਖੁਸ਼ਕ ਹੋਵੇ ਤਾਂ ਕਿ ਕੰਬਾਈਨ ਦੇ ਟਾਇਰਾਂ ਦੀਆਂ ਪੈੜਾਂ ਨਾ ਪੈਣ । ਅਖੀਰਲਾ ਪਾਣੀ ਕੱਦੂ ਕਰਕੇ ਲਾਏ ਝੋਨੇ ਦੀ ਵਾਢੀ ਤੋਂ 15 ਦਿਨ ਪਹਿਲਾਂ ਦਿਓ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਨੂੰ 10 ਦਿਨ ਪਹਿਲਾਂ ਦਿਓ ।

★ ਝੋਨੇ ਦੀ ਕਟਾਈ ਸੁਪਰ ਐਸ ਐਮ ਐਸ ਲੱਗੀ ਕੰਬਾਈਨ ਨਾਲ ਕਰੋ, ਜਾਂ ਫਿਰ ਕੰਬਾਈਨ ਵਿੱਚੋਂ ਨਿਕਲੇ ਪਰਾਲ ਨੂੰ ਤਰੰਗਲੀ ਜਾਂ ਕਿਸੇ ਹੋਰ ਸਾਧਨ ਨਾਲ ਪੂਰੇ ਖੇਤ ਵਿੱਚ ਇਕਸਾਰ ਖਿਲਾਰ ਦੇਵੋ ।

★ ਬੀਜ ਦੀ ਮਾਤਰਾ 45 ਕਿਲੋ ਅਤੇ ਡੀਏਪੀ 65 ਕਿਲੋ ਪ੍ਰਤੀ ਏਕੜ ਪਾਓ ।

★ ਕਣਕ ਦੇ ਬੀਜ ਨੂੰ ਸਿਫ਼ਾਰਸ਼ ਕੀਤੇ ਗਏ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਨਾਲ ਸੋਧਣਾ ਜ਼ਰੂਰੀ ਹੈ । ਕਣਕ ਦੀ ਬਿਜਾਈ ਸਮੇਂ ਸਰਫੇਸ ਸੀਡਰ ਮਸ਼ੀਨ ਨੂੰ ਜ਼ਮੀਨ ਤੋਂ 4 ਤੋਂ 5 ਇੰਚ ਉੱਚਾ ਰੱਖ ਕੇ ਸਹੀ ਰਫ਼ਤਾਰ ਤੇ ਚਲਾਇਆ ਜਾਵੇ ਤਾਂ ਜੋ ਬੀਜ ਅਤੇ ਖਾਦ ਇਕਸਾਰ ਅਤੇ ਸਹੀ ਮਾਤਰਾ ਵਿੱਚ ਪੈ ਸਕੇ ।

★ ਖੇਤ ਵਿੱਚ ਪਏ ਕਣਕ ਦੇ ਬੀਜ ਨੂੰ ਪਰਾਲੀ ਨਾਲ ਢੱਕਣਾ ਯਕੀਨੀ ਬਣਾਇਆ ਜਾਵੇ ।

# ਪਰਾਲੀ ਬਾਰੇ ਕੁਝ ਤੱਥ

**ਝੋਨੇ ਦੀ ਪਰਾਲੀ ਸਾੜਨ ਨਾਲ ਨਿਕਲਣ ਵਾਲੇ ਮੁੱਖ ਪ੍ਰਦੂਸ਼ਣਕਾਰੀ ਤੱਤ**

**ਪਾਰਟੀਕਿਊਲੇਟ ਮੈਟਰ (PM2.5 ਤੇ PM10) - ਅਸਰ** : ਪਰਾਲੀ ਦੇ ਅਧੂਰੇ ਸੜਨ ਨਾਲ ਇਹ ਤੱਤ ਫੇਫੜਿਆਂ ਵਿੱਚ ਜਾ ਕੇ ਸਾਹ ਲੈਣ ਦੀ ਸਮੱਸਿਆ ਤੇ ਦਿਲ ਦੀਆਂ ਬਿਮਾਰੀਆਂ ਪੈਦਾ ਕਰਦਾ ਹੈ ।

**ਕਾਰਬਨ ਮੋਨੋਆਕਸਾਈਡ (CO) - ਅਸਰ** : ਸਰੀਰ ਵਿੱਚ ਆਕਸੀਜਨ ਦੀ ਸਪਲਾਈ ਘਟਾਉਂਦਾ ਹੈ, ਜਿਸ ਨਾਲ ਥਕਾਵਟ, ਚੱਕਰ ਆਉਣ ਜਾਂ ਉੱਚ ਮਾਤਰਾ ਵਿੱਚ ਮੌਤ ਵੀ ਹੋ ਸਕਦੀ ਹੈ ।

**ਨਾਈਟਰੋਜਨ ਆਕਸਾਈਡ ($NO_2$) - ਅਸਰ** : ਧੂੰਏਂ ਅਤੇ ਤੇਜ਼ਾਬੀ ਮੀਂਹ ਬਣਾਉਣ ਵਿੱਚ ਯੋਗਦਾਨ ਪਾਉਂਦਾ ਹੈ, ਸਾਹ ਲੈਣ ਦੀਆਂ ਸਮੱਸਿਆਵਾਂ ਪੈਦਾ ਕਰਦਾ ਹੈ ।

**ਸਲਫਰ ਆਕਸਾਈਡ ($SO_2$) - ਅਸਰ** : ਤੇਜ਼ਾਬੀ ਮੀਂਹ ਪੈਦਾ ਕਰਦਾ ਹੈ, ਜੋ ਮਿੱਟੀ ਤੇ ਪਾਣੀ ਦੀ ਗੁਣਵੱਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ।

**ਵੋਲੇਟਾਈਲ ਆਰਗੈਨਿਕ ਕੰਪਾਊਂਡ (VOCs) - ਅਸਰ** : ਨਾਈਟਰੋਜਨ ਆਕਸਾਈਡ ਨਾਲ ਮਿਲ ਕੇ ਓਜ਼ੋਨ ਬਣਾਉਂਦੇ ਹਨ, ਜੋ ਧੂੰਏਂ ਦਾ ਮੁੱਖ ਹਿੱਸਾ ਹੁੰਦਾ ਹੈ । ਪਰਾਲੀ ਦੇ ਸੜਨ ਦੌਰਾਨ ਆਰਗੈਨਿਕ ਪਦਾਰਥਾਂ ਦੇ ਟੁੱਟਣ ਨਾਲ ।

**ਕਾਰਬਨ ਡਾਈਆਕਸਾਈਡ ($CO_2$) - ਅਸਰ** : ਗਲੋਬਲ ਵਾਰਮਿੰਗ ਦਾ ਮੁੱਖ ਕਾਰਕ ।

**ਮੀਥੇਨ ($CH_4$) - ਅਸਰ** : ਕਾਰਬਨ ਡਾਈਆਕਸਾਈਡ ਨਾਲੋਂ 25 ਗੁਣਾ ਵੱਧ ਗਲੋਬਲ ਵਾਰਮਿੰਗ ਪੈਦਾ ਕਰਦਾ ਹੈ ।

**ਪੋਲਿਸਾਈਕਲਿਕ ਅਰੋਮੈਟਿਕ ਹਾਈਡਰੋਕਾਰਬਨ (PAHs) - ਅਸਰ** : ਕੈਂਸਰ ਪੈਦਾ ਕਰਨ ਵਾਲੇ ਅਤੇ ਜੀਨ ਵਿੱਚ ਬਦਲਾਅ ਲਿਆਉਣ ਵਾਲੇ ਤੱਤ ।

**ਵਾਤਾਵਰਨ 'ਤੇ ਪ੍ਰਭਾਵ**

**ਹਵਾ ਦੀ ਗੁਣਵੱਤਾ ਵਿੱਚ ਕਮੀ** : ਧੂੰਏਂ ਅਤੇ ਹੇਜ਼ ਨਾਲ ਪਰਪੂਰ ਹਵਾ ਖਾਸ ਕਰਕੇ ਪੰਜਾਬ ਅਤੇ ਹਰਿਆਣਾ ਵਰਗੇ ਖੇਤੀਬਾੜੀ ਵਾਲੇ ਇਲਾਕਿਆਂ ਵਿੱਚ ।

**ਮਿੱਟੀ ਦੇ ਉਪਜਾਊਪਣ 'ਤੇ ਅਸਰ** : ਤਾਪਮਾਨ ਕਾਰਨ ਮਿੱਟੀ ਦੇ ਲਾਭਕਾਰੀ ਜੀਵਨ ਨਸ਼ਟ ਹੋ ਜਾਂਦੇ ਹਨ ।

**ਮੌਸਮ 'ਤੇ ਅਸਰ** : ਖੇਤਰੀ ਅਤੇ ਵਿਸ਼ਵ ਵਿਆਪੀ ਤਾਪਮਾਨ ਵਿੱਚ ਵਾਧਾ ।

**ਸਿਹਤ ਸੰਬੰਧੀ ਖਤਰੇ** : ਦਮਾ, ਬ੍ਰੌਂਕਾਈਟਿਸ ਅਤੇ ਹੋਰ ਸਾਹ ਲੈਣ ਦੀਆਂ ਬਿਮਾਰੀਆਂ ਦਾ ਪੈਦਾ ਹੋਣਾ ।

**ਜਨਮੇਜਾ ਸਿੰਘ ਜੌਹਲ,**
**ਮੋ. 98159-45018**



DISHA INDIAN AIR FORCE

# Join the Indian Air Force

## AFCAT Registrations open from 17 Nov till 14 Dec 2025



| | | |
|---|---|---|
| **ENTRY** | Air Force Common Admission Test (AFCAT) Entry | NCC Special Entry |
| **BRANCHES** | Flying/ Technical/ Weapon Systems/ Administration/ Logistics/ Accounts/ Education/ Meteorology | Flying (NCC Air Wing 'C' certificate is mandatory) |

- AFCAT Entry: Registration mandatory and online exam/ NCC Special Entry registration mandatory and no online exam
- Registration dates ***changed from*** ***10 Nov-09 Dec 2025*** ***to*** ***17 Nov-14 Dec 2025***
- Aadhaar card is mandatory for online registration
- For more details, refer to Employment News dated 08 Nov 2025 and for detailed notification visit our website **careerairforce.gov.in** and **afcat.edcil.co.in**

**For updates, follow us on**

DISHA by Indian Air Force    careeriniaf    CareerinIAF

**DISHA Cell, Air Headquarter, Vayu Bhawan**
**Tel: 011-23013690 | Toll-free No.: 1800-11-2448 | E-mail: careeriniaf@gmail.com**

CBC 10801/13/0019/2526